Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 259 31/12/2024 www.samajweekly.com samajweekly @samajweekly samajweekly

# ਕਿਸਾਨਾਂ ਵੱਲੋਂ ਪੰਜਾਬ ਬੰਦ ਨੂੰ ਹੁੰਗਾਰਾ ਮਿਲਿਆ

## ਪਰ ਜੋ ਗੱਲਾਂ ਬਾਤਾਂ ਸਾਹਮਣੇ ਆਈਆਂ ਉਹ ਨਿਰਾਸ਼ਾਜਨਕ

### ਕਿਸਾਨ ਜਥੇਬੰਦੀਆਂ ਨੇ ਸੂਬੇ ਵਿੱਚ 140 ਤੋਂ ਵੱਧ ਥਾਵਾਂ ’ਤੇ ਦਿੱਤੇ ਧਰਨੇ; 9 ਘੰਟੇ ਸੜਕੀ ਤੇ ਰੇਲ ਆਵਾਜਾਈ ਰਹੀ ਠੱਪ; ਕਈ ਥਾਵਾਂ ਉੱਤੇ ਕਿਸਾਨਾਂ ਤੇ ਵਪਾਰੀਆਂ ਦਰਮਿਆਨ ਤਕਰਾਰ, ਆਮ ਲੋਕ ਤੇ ਰਾਹਗੀਰ ਹੁੰਦੇ ਰਹੇ ਖੱਜਲ ਖੁਆਰ

**ਬਲਬੀਰ ਸਿੰਘ ਬੱਬੀ**









ਪੰਜਾਬ ਦੇ ਕਿਸਾਨਾਂ ਵੱਲੋਂ ਖੇਤੀ ਨਾਲ ਸਬੰਧਤ ਮੰਗਾਂ ਦੇ ਸਬੰਧ ਵਿੱਚ ਧਰਨਾ ਪ੍ਰਦਰਸ਼ਨ ਲੰਮੇ ਸਮੇਂ ਤੋਂ ਚਲਦੇ ਆ ਰਹੇ ਹਨ ਚਾਰ ਪੰਜ ਕੁ ਸਾਲ ਪਹਿਲਾਂ ਜਦੋਂ ਕੇਂਦਰ ਵਿਚਲੀ ਭਾਜਪਾ ਦੀ ਮੋਦੀ ਸਰਕਾਰ ਨੇ ਖੇਤੀ ਸਬੰਧੀ ਕਾਲੇ ਕਾਨੂੰਨ ਲਿਆਂਦੇ ਸਨ ਤਾਂ ਸਭ ਤੋਂ ਪਹਿਲਾਂ ਸੰਘਰਸ਼ਸ਼ੀਲ ਵਿਰੋਧ ਪੰਜਾਬ ਤੋਂ ਸ਼ੁਰੂ ਹੋਇਆ ਤੇ ਅਖੀਰ ਨੂੰ ਸਾਰੇ ਦੇਸ਼ ਦੇ ਕਿਸਾਨਾਂ ਨੂੰ ਨਾਲ ਲੈ ਕੇ ਦਿੱਲੀ ਦੀਆਂ ਬਰੂਹਾਂ ਉੱਤੇ ਜਾ ਕੇ ਵਿਸਾਲ ਕਿਸਾਨ ਸੰਘਰਸ਼ ਮੋਰਚਾ ਲੱਗਿਆ ਜੋ ਲਗਾਤਾਰ ਇਕ ਸਾਲ ਲੰਮਾ ਚੱਲਿਆ ਜਿਸ ਵਿੱਚ ਕਿਸਾਨਾਂ ਦੀਆਂ ਮੌਤਾਂ ਹੋਈਆਂ ਹੋਰ ਬੜਾ ਕੁਝ ਸਾਹਮਣੇ ਆਇਆ ਇੱਕ ਸਾਲ ਦੇ ਲੰਬੇ ਸੰਘਰਸ਼ ਤੋਂ ਬਾਅਦ ਦੇਸ਼ ਦੀ ਮੋਦੀ ਸਰਕਾਰ ਨੇ ਕਿਸਾਨਾਂ ਦੀਆਂ ਮੰਗਾਂ ਮੰਨਣ ਦਾ ਨਾਟਕ ਕੀਤਾ ਪਰ ਇਹ ਮੰਗਾਂ ਨਾ ਮੰਗੀਆਂ ਮੰਨੀਆਂ ਗਈਆਂ। ਕਿਸਾਨ ਸਰਕਾਰ ਤੱਕ ਮੰਗ ਪੱਤਰ ਦਿੰਦੇ ਰਹੇ ਹੋਰ ਬੜਾ ਕੁਝ ਹੋਇਆ ਪਰ ਜਦੋਂ ਕਿਸਾਨਾਂ ਪੱਲੇ ਕੁਝ ਨਾ ਪਿਆ ਤਾਂ ਅਖੀਰ ਨੂੰ ਹੁਣ ਤੋਂ ਅੱਠ ਨੌ ਮਹੀਨੇ ਪਹਿਲਾਂ ਫਿਰ ਪੰਜਾਬ ਨਾਲ ਸੰਬੰਧਿਤ ਡੱਲੇਵਾਲ ਤੇ ਪੰਧੇਰ ਕਿਸਾਨ ਯੂਨੀਅਨ ਵੱਲੋਂ ਇੱਕ ਕਿਸਾਨ ਮੋਰਚਾ ਸ਼ੁਰੂ ਕੀਤਾ ਗਿਆ ਜੋ ਸ਼ੰਭੂ ਖਨੌਰੀ ਬਾਰਡਰਾਂ ਉੱਤੇ ਪੁੱਜਾ ਪਰ ਦਿੱਲੀ ਜਾਣ ਲਈ ਹਰਿਆਣਾ ਸਰਕਾਰ ਨੇ ਉਹਨਾਂ ਨੂੰ ਇੱਕ ਇੰਚ ਵੀ ਅੱਗੇ ਨਾ ਤੁਰਨ ਦਿੱਤਾ।

ਉਸ ਵੇਲੇ ਤੋਂ ਚੱਲਿਆ ਕਿਸਾਨ ਸੰਘਰਸ਼ ਮੋਰਚਾ ਚਰਚਾ ਵਿੱਚ ਹੈ ਤੇ ਇਸ ਮੋਰਚੇ ਨਾਲ ਸੰਬੰਧਿਤ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਪਿਛਲੇ 34 ਦਿਨ ਤੋਂ ਮਰਨ ਵਰਤ ਉੱਤੇ ਹਨ ਪਰ ਸਰਕਾਰ ਦੇ ਕੰਨ ਉੱਤੇ ਬਿਲਕੁਲ ਵੀ ਜੂੰਅ ਨਹੀਂ ਸਰਕਦੀ ਅੱਜ 30 ਦਸੰਬਰ ਨੂੰ ਇਹਨਾਂ ਕਿਸਾਨ ਜਥੇਬੰਦੀਆਂ ਨੇ ਪੰਜਾਬ ਬੰਦ ਦਾ ਸੱਦਾ ਦਿੱਤਾ ਸਵੇਰ ਵੇਲੇ 7 ਵਜੇ ਤੋਂ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂ ਪੰਜਾਬ ਦੀਆਂ ਸੜਕਾਂ ਉੱਤੇ ਉਤਰੇ ਜਿਨਾਂ ਨੇ ਸਖ਼ਤ ਨਾਕਾਬੰਦੀ ਕਰਕੇ ਪੰਜਾਬ ਬੰਦ ਕੀਤਾ ਤੇ ਇਹ ਬੰਦ ਸਫਲ ਵੀ ਰਿਹਾ।

ਪਰ ਇਸ ਬੰਦ ਦਰਮਿਆਨ ਜੋ ਖਬਰਾਂ ਸਮੁੱਚੇ ਪੰਜਾਬ ਵਿੱਚੋਂ ਆਈਆਂ ਹਨ ਉਹ ਨਿਰਾਸ਼ਾਜਨਕ ਹਨ ਤੇ ਜਿਨਾਂ ਤੋਂ ਕਿਸਾਨਾਂ ਦਾ ਵਿਰੋਧ ਵੀ ਜਾਪਦਾ ਹੈ ਜਿਹੜਾ ਮੋਰਚਾ ਪਹਿਲਾਂ ਦਿੱਲੀ ਲੱਗਾ ਸੀ ਹੁਣ ਇਸ ਮੋਰਚੇ ਵਿੱਚ ਉਹ ਗੱਲਬਾਤ ਨਹੀਂ ਰਹੀ ਕਿਉਂਕਿ ਸਾਰੀਆਂ ਕਿਸਾਨ ਜਥੇਬੰਦੀਆਂ ਇਕੱਤਰ ਨਹੀਂ ਹਨ। ਅੱਜ ਜਦੋਂ ਪੰਜਾਬ ਦੇ ਅਨੇਕਾਂ ਸ਼ਹਿਰਾਂ ਕਸਬਿਆਂ ਪਿੰਡਾਂ ਦੇ ਵਿੱਚ ਕਿਸਾਨਾਂ ਵੱਲੋਂ ਨਾਕਾਬੰਦੀ ਕਰਕੇ ਲੋਕਾਂ ਨੂੰ ਪੰਜਾਬ ਬੰਦ ਦਾ ਸਮਰਥਨ ਦੇਣ ਲਈ ਕਿਹਾ ਜਾ ਰਿਹਾ ਸੀ ਤਾਂ ਅਨੇਕਾਂ ਲੋਕਾਂ ਨੇ ਆਉਣ ਜਾਣ ਦੇ ਸਬੰਧ ਦੇ ਵਿੱਚ ਕਿਸਾਨਾਂ ਦਾ ਵਿਰੋਧ ਵੀ ਕੀਤਾ ਇਥੋਂ ਤੱਕ ਕਿ ਕਈ ਥਾਵਾਂ ਉੱਤੇ ਐਬੂਲੈਂਸ ਵੀ ਕਿਸਾਨਾਂ ਦੇ ਜਾਮ ਵਿੱਚ ਫਸੀ ਨਜ਼ਰ ਆਈ ਉਸ ਤੋਂ ਬਿਨਾਂ ਰੇਲ ਗੱਡੀਆਂ ਦੀ ਆਵਾਜਾਈ ਬੰਦ ਹੋਣ ਕਾਰਨ ਦੂਰ ਦੁਰਾਡਿਓਂ ਆਏ ਹੋਏ ਮਰੀਜ਼ ਜਿਨਾਂ ਨੇ ਅੱਗੇ ਦਵਾਈ ਲੈਣ ਲਈ ਜਾਣਾ ਸੀ ਉਹ ਵੀ ਨਿਰਾਸ਼ਾਜਨਕ ਸਥਿਤੀ ਦੇ ਵਿੱਚੋਂ ਦਿਖੇ ਇਸ ਤੋਂ ਇਲਾਵਾ ਸ਼ਹਿਰਾਂ ਦੇ ਵਿੱਚ ਧੱਕੇ ਨਾਲ ਬੰਦ ਕਰਵਾਈਆਂ ਜਾ ਰਹੀਆਂ ਦੁਕਾਨਾਂ ਦੇ ਵਿਰੋਧ ਵਿੱਚ ਵਪਾਰੀ ਵਰਗ ਵੀ ਖੁੱਲ ਕੇ ਕਿਸਾਨਾਂ ਦਾ ਵਿਰੋਧ ਕਰਦਾ ਨਜ਼ਰ ਆਇਆ। ਇਸ ਤੋਂ ਬਿਨਾਂ ਆਮ ਲੋਕ ਵੀ ਕਈ ਥਾਵਾਂ ਉੱਤੇ ਕਿਸਾਨਾਂ ਦਾ ਵਿਰੋਧ ਕਰਦੇ ਨਜ਼ਰ ਆਏ ਇੱਕ ਹੋਰ ਹੈਰਾਨ ਕਰਨ ਵਾਲੀ ਘਟਨਾ ਵੀ ਸਾਹਮਣੇ ਆਈ ਕਿ ਇੱਕ ਛੋਟੇ ਬੱਚੇ ਦੀ ਮੌਤ ਹੋ ਗਈ ਉਸ ਦੀ ਲਾਸ਼ ਨੂੰ ਲੈ ਕੇ ਜਾਣ ਵਾਲੀ ਗੱਡੀ ਦੇ ਵਿੱਚ ਉਸਦੇ ਪਰਿਵਾਰਕ ਮੈਂਬਰ ਸਨ ਉਹਨਾਂ ਨੂੰ ਵੀ ਕਿਸਾਨਾਂ ਵੱਲੋਂ ਜਾਮ ਕੀਤੀ ਸੜਕ ਦੇ ਵਿੱਚ ਰੁਕਣ ਲਈ ਮਜਬੂਰ ਹੋਣਾ ਪਿਆ ਇਸ ਤੋਂ ਇਲਾਵਾ ਕਿਸਾਨਾਂ ਦੇ ਨਾਲ ਆਪਸੀ ਬਹਿਸ ਦੇ ਦ੍ਰਿਸ਼ ਵੀ ਸਾਹਮਣੇ ਆਏ।

ਕੁੱਲ ਮਿਲਾ ਕੇ ਇਸ ਪੰਜਾਬ ਬੰਦ ਦੇ ਸੱਦੇ ਨੂੰ ਸਮਰਥਨ ਤਾਂ ਮਿਲਿਆ ਪਰ ਜੋ ਗੱਲਾਂ ਬਾਤਾਂ ਲੋਕਾਂ ਵੱਲੋਂ ਕਿਸਾਨ ਵਿਰੋਧੀ ਸਾਹਮਣੇ ਆਈਆਂ ਉਹਨਾਂ ਨਾਲ ਲੋਕਾਂ ਵਿੱਚ ਗਲਤ ਸੁਨੇਹਾ ਗਿਆ।

# ਇਥੋਪੀਆ 'ਚ ਵਾਪਰਿਆ ਵੱਡਾ ਹਾਦਸਾ, ਨਦੀ 'ਚ ਡਿੱਗਿਆ ਯਾਤਰੀਆਂ ਨਾਲ ਭਰਿਆ ਟਰੱਕ,60 ਲੋਕਾਂ ਦੀ ਜਾਨ ਗਈ

**ਇਥੋਪੀਆ।** ਅਫ਼ਰੀਕੀ ਦੇਸ਼ ਇਥੋਪੀਆ 'ਚ ਇਕ ਵੱਡਾ ਹਾਦਸਾ ਵਾਪਰਿਆ ਹੈ ਜਿੱਥੇ ਯਾਤਰੀਆਂ ਨਾਲ ਭਰਿਆ ਟਰੱਕ ਨਦੀ ਵਿਚ ਡਿੱਗ ਗਿਆ ਹੈ। ਇਸ ਹਾਦਸੇ 'ਚ 60 ਲੋਕਾਂ ਦੀ ਜਾਨ ਚਲੀ ਗਈ ਹੈ। ਦੱਖਣੀ ਸਿਦਾਮਾ ਖੇਤਰ ਦੇ ਅਧਿਕਾਰੀਆਂ ਮੁਤਾਬਕ ਇਹ ਭਿਆਨਕ ਹਾਦਸਾ ਬੋਨਾ ਜ਼ਿਲ੍ਹੇ 'ਚ ਵਾਪਰਿਆ। ਖੇਤਰੀ ਸੰਚਾਰ ਬਿਊਰੋ ਨੇ ਐਤਵਾਰ ਦੇਰ ਰਾਤ ਇਕ ਬਿਆਨ ਵਿਚ ਕਿਹਾ ਕਿ ਹਾਦਸੇ ਵਿਚ ਜ਼ਖ਼ਮੀ ਹੋਏ ਲੋਕਾਂ ਦਾ ਬੋਨਾ ਦੇ ਜਨਰਲ ਹਸਪਤਾਲ ਵਿਚ ਇਲਾਜ ਕੀਤਾ ਜਾ ਰਿਹਾ ਹੈ। ਈਬੀਸੀ ਅਨੁਸਾਰ, ਸਾਰੇ ਲੋਕ ਇਸੂਜ਼ੂ ਟਰੱਕ 'ਤੇ ਸਵਾਰ ਹੋ ਕੇ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਜਾ ਰਹੇ ਸਨ। ਇਸ ਦੌਰਾਨ ਰਸਤੇ 'ਚ ਟਰੱਕ ਅਚਾਨਕ ਟਰੱਕ ਨਦੀ ਵਿਚ ਜਾ ਡਿੱਗਿਆ। ਹਾਦਸੇ ਤੋਂ ਬਾਅਦ ਸਥਾਨਕ ਲੋਕ ਅਤੇ ਸਰਕਾਰੀ ਵਿਭਾਗ ਰਾਹਤ ਅਤੇ



ਬਚਾਅ ਕਾਰਜ ਵਿਚ ਲੱਗ ਗਏ। ਪੁਲਿਸ ਮਾਮਲੇ ਦੀ ਜਾਂਚ ਵਿਚ ਜੁਟ ਗਈ ਹੈ। ਦੂਜੇ ਪਾਸੇ ਨਦੀ 'ਚ ਡਿੱਗੇ ਲੋਕਾਂ ਦੀ ਭਾਲ ਜਾਰੀ ਹੈ। ਸਰਕਾਰੀ ਸਰਕਾਰੀ ਇਥੋਪੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ (ਈਬੀਸੀ) ਮੁਤਾਬਕ ਸਾਰੇ ਲੋਕ ਇਕ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਜਾ ਰਹੇ ਸਨ। ਤੁਹਾਨੂੰ ਦਸ ਦਈਏ ਕਿ ਇਥੋਪੀਆ ਵਿਚ ਗੰਭੀਰ ਸੜਕ ਹਾਦਸੇ ਆਮ ਹਨ। ਡਰਾਈਵਿੰਗ ਦੇ ਮਾੜੇ ਮਾਪਦੰਡ ਅਤੇ ਖ਼ਰਾਬ ਵਾਹਨ ਜ਼ਿਆਦਾਤਰ ਹਾਦਸਿਆਂ ਨੂੰ ਸੱਦਾ ਦਿੰਦੇ ਹਨ। ਕਰੀਬ ਛੇ ਸਾਲ ਪਹਿਲਾਂ 2018 ਵਿਚ ਇਥੋਪੀਆ ਵਿਚ ਹੀ ਇਕ ਵੱਡਾ ਹਾਦਸਾ ਵਾਪਰਿਆ ਸੀ। ਜਿਸ 'ਚ ਵਿਦਿਆਰਥੀਆਂ ਨਾਲ ਭਰੀ ਬੱਸ ਖੱਡ 'ਚ ਡਿੱਗ ਗਈ ਸੀ, ਜਿਸ 'ਚ 38 ਲੋਕਾਂ ਦੀ ਜਾਨ ਚਲੀ ਗਈ। ਇਹ ਹਾਦਸ਼ੇ ਸ਼ਹਿਰ ਵਾਸੀਆਂ ਲਈ ਚਿੰਤਾ ਦਾ ਵਿਸ਼ਾ ਹਨ।

## ਪੰਜਾਬ ਦੇ ਸੈਲਾਨੀ ਸ਼ਿਮਲਾ 'ਚ ਦੁਕਾਨਦਾਰਾਂ ਨਾਲ ਹੋਏ ਹੱਥੋਪਾਈ, 3 ਜ਼ਖ਼ਮੀ

**ਸ਼ਿਮਲਾ।** ਹਿਮਾਚਲ ਦੇ ਸ਼ਿਮਲਾ ਜ਼ਿਲ੍ਹੇ ਦੇ ਮਸ਼ਹੂਰ ਸੈਰ-ਸਪਾਟਾ ਸਥਾਨ ਕੁਫਰੀ 'ਚ ਪੰਜਾਬ ਤੋਂ ਆਏ ਸੈਲਾਨੀਆਂ ਨੇ ਸਥਾਨਕ ਲੋਕਾਂ 'ਤੇ ਚਾਕੂਆਂ ਨਾਲ ਹਮਲਾ ਕਰ ਦਿਤਾ। ਇਸ 'ਚ ਤਿੰਨ ਲੋਕ ਗੰਭੀਰ ਜ਼ਖ਼ਮੀ ਹੋ ਗਏ ਹਨ। ਤਿੰਨੋਂ ਜ਼ਖ਼ਮੀਆਂ ਨੂੰ ਆਈਜੀਐਮਸੀ ਸ਼ਿਮਲਾ ਵਿਚ ਦਾਖ਼ਲ ਕਰਵਾਇਆ ਗਿਆ ਹੈ। ਪੁਲਿਸ ਨੇ ਪੰਜਾਬ ਤੋਂ ਆਏ ਚਾਰ ਸੈਲਾਨੀਆਂ ਨੂੰ ਹਿਰਾਸਤ ਵਿਚ ਲੈ ਲਿਆ ਹੈ ਅਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਐਤਵਾਰ ਸ਼ਾਮ ਕਰੀਬ 4 ਵਜੇ ਬਰਫ਼ ਦੇ ਬੂਟ (ਸਨੋਅ ਬੂਟ) ਬਦਲਣ ਨੂੰ ਲੈ ਕੇ ਸੈਲਾਨੀਆਂ ਅਤੇ ਸਥਾਨਕ ਸੈਰ-ਸਪਾਟਾ ਕਾਰੋਬਾਰੀਆਂ ਵਿਚਾਲੇ ਝਗੜਾ ਹੋ ਗਿਆ। ਇਹ ਝਗੜਾ ਹੱਥੋਪਾਈ ਵਿਚ ਬਦਲ ਗਿਆ ਅਤੇ ਸੈਲਾਨੀਆਂ ਨੇ ਸਥਾਨਕ ਲੋਕਾਂ 'ਤੇ ਚਾਕੂਆਂ ਨਾਲ ਹਮਲਾ ਕਰ ਦਿਤਾ। ਇਸ ਹਮਲੇ ਵਿਚ ਜਗਦੀਸ਼ ਸ਼ਰਮਾ, ਸ਼ੇਖਰ ਸ਼ਰਮਾ ਅਤੇ ਨਿਖਿਲ ਸਿੰਗਟਾ ਗੰਭੀਰ ਜ਼ਖ਼ਮੀ ਹੋ ਗਏ। ਇਸ ਤੋਂ ਬਾਅਦ ਸਥਾਨਕ ਲੋਕਾਂ ਨੇ ਪੁਲਿਸ ਨੂੰ ਸੂਚਨਾ ਦਿਤੀ ਅਤੇ




ਪੰਜਾਬ ਤੋਂ ਆਏ ਸੈਲਾਨੀਆਂ ਨੂੰ ਹਿਰਾਸਤ ਵਿਚ ਲੈ ਲਿਆ। ਪੁਲਿਸ ਮੁਤਾਬਕ ਇਹ ਚਾਰੇ ਸੈਲਾਨੀ ਬਰਫ਼ ਦੇਖਣ ਲਈ ਪੰਜਾਬ ਤੋਂ ਕੁਫ਼ਰੀ ਪਹੁੰਚੇ ਸਨ। ਪੂਰਾ ਦਿਨ ਮਸਤੀ ਕੀਤੀ। ਇੱਥੇ ਉਨ੍ਹਾਂ ਨੇ ਬਰਫ਼ 'ਚੋਂ ਲੰਘਣ ਲਈ ਬਰਫ਼ ਦੇ ਬੂਟ ਕਿਰਾਏ 'ਤੇ ਲਏ। ਜਦੋਂ ਦੁਕਾਨਦਾਰ ਨੇ ਉਨ੍ਹਾਂ ਨੂੰ ਬਰਫ਼ ਦੇ ਬੂਟ ਉਤਾਰਨ ਲਈ ਕਿਹਾ ਤਾਂ ਝਗੜਾ ਹੋ ਗਿਆ।

## ਅਫ਼ਗਾਨਿਸਤਾਨ 'ਚ ਹੁਣ ਖਿੜਕੀਆਂ ਤੋਂ ਵੀ ਨਹੀਂ ਝਾਂਕ ਸਕਣਗੀਆਂ ਔਰਤਾਂ

**ਅਫ਼ਗਾਨਿਸਤਾਨ।** ਅਫ਼ਗਾਨਿਸਤਾਨ 'ਚ ਔਰਤਾਂ ਵਿਰੁਧ ਨਵਾਂ ਕਾਨੂੰਨ ਬਣਾਇਆ ਗਿਆ ਹੈ। ਇਸ ਅਨੁਸਾਰ ਨਵੇਂ ਬਣੇ ਘਰਾਂ ਵਿਚ ਖਿੜਕੀਆਂ ਨਹੀਂ ਹੋਣੀਆਂ ਚਾਹੀਦੀਆਂ। ਇਹ ਕਾਨੂੰਨ ਇਸ ਲਈ ਬਣਾਇਆ ਗਿਆ ਹੈ ਤਾਂਕਿ ਔਰਤਾਂ ਬਾਹਰ ਨਾ ਦੇਖ ਸਕਣ। ਤਾਲਿਬਾਨ ਸਰਕਾਰ ਦੇ ਸੁਪਰੀਮ ਲੀਡਰ ਨੇ ਇਸ ਸਬੰਧੀ ਹੁਕਮ ਜਾਰੀ ਕੀਤਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਔਰਤਾਂ ਦੀ ਝਲਕ ਮਿਲਣ ਨਾਲ ਅਸ਼ਲੀਲ ਹਰਕਤਾਂ ਹੋ ਸਕਦੀਆਂ ਹਨ। ਤਾਲਿਬਾਨ ਸਰਕਾਰ ਦੇ ਬੁਲਾਰੇ ਜ਼ਬੀਹੁੱਲ੍ਹਾ ਮੁਜਾਹਿਦ ਨੇ ਵੀ ਐਕਸ 'ਤੇ ਇਸ ਸਬੰਧ ਵਿਚ ਇਕ ਬਿਆਨ ਪੋਸਟ ਕੀਤਾ ਹੈ। ਇਸ ਵਿਚ ਉਨ੍ਹਾਂ ਕਿਹਾ ਕਿ ਨਵੀਆਂ ਇਮਾਰਤਾਂ 'ਚ ਅਜਿਹੀਆਂ ਖਿੜਕੀਆਂ ਨਹੀਂ ਹੋਣੀਆਂ ਚਾਹੀਦੀਆਂ ਜਿਨ੍ਹਾਂ 'ਚੋਂ ਵਿਹੜਾ, ਰਸੋਈ, ਗੁਆਂਢੀ ਦਾ ਖੂਹ ਜਾਂ ਔਰਤਾਂ ਦੁਆਰਾ ਵਰਤੀ ਜਾਣ ਵਾਲੀ ਜਗ੍ਹਾ ਦਿਖਾਈ ਦਿੰਦੀ ਹੋਵੇ। ਜ਼ਬੀਹੁੱਲ੍ਹਾ ਮੁਜਾਹਿਦ ਨੇ ਲਿਖਿਆ ਹੈ ਕਿ ਔਰਤਾਂ ਨੂੰ ਰਸੋਈ 'ਚ ਕੰਮ ਕਰਦੇ ਦੇਖਣ, ਵਰਾਂਡੇ 'ਚ ਆਉਂਦੇ-



ਜਾਂਦੇ ਜਾਂ ਖੂਹ ਤੋਂ ਪਾਣੀ ਲੈਂਦਿਆਂ ਦੇਖ ਕੇ ਅਸ਼ਲੀਲ ਹਰਕਤਾਂ ਹੋ ਸਕਦੀਆਂ ਹਨ। ਤਾਲਿਬਾਨ ਸਰਕਾਰ ਮੁਤਾਬਕ ਨਗਰ ਨਿਗਮ ਦੇ ਅਧਿਕਾਰੀ ਅਤੇ ਹੋਰ ਸਬੰਧਤ ਵਿਭਾਗ ਵੀ ਨਵੇਂ ਬਣੇ ਮਕਾਨਾਂ 'ਤੇ ਨਜ਼ਰ ਰੱਖਣਗੇ। ਉਨ੍ਹਾਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਹੋਵੇਗਾ ਕਿ ਇਨ੍ਹਾਂ ਘਰਾਂ ਵਿਚ ਗੁਆਂਢੀ ਦੇ ਘਰ ਵਲ ਕੋਈ ਵੀ ਖਿੜਕੀ ਖੁਲ੍ਹੀ ਨਹੀਂ ਹੋਣੀ ਚਾਹੀਦੀ। ਜੇਕਰ ਕਿਸੇ ਘਰ ਵਿਚ ਪਹਿਲਾਂ ਹੀ ਗੁਆਂਢੀ ਦੇ ਘਰ ਵਲ ਖਿੜਕੀ ਖੁਲ੍ਹੀ ਹੈ ਤਾਂ ਉਸ ਨੂੰ ਇਸ ਦਾ ਪ੍ਰਬੰਧ ਕਰਨਾ ਹੋਵੇਗਾ। ਮਕਾਨ ਮਾਲਿਕ ਨੂੰ ਜਾਂ ਤਾਂ ਖਿੜਕੀ ਦੇ ਦੁਆਲੇ ਕੰਧ ਬਣਾਉਣੀ ਪਵੇਗੀ ਜਾਂ ਕੁਝ ਇੰਤਜ਼ਾਮ ਕਰਨੇ ਪੈਣਗੇ ਤਾਂ ਕਿ ਗੁਆਂਢੀ ਉਸ ਜਗ੍ਹਾ ਤੋਂ ਘਰ ਨੂੰ ਦੇਖ ਨਾ ਸਕਣ। ਤਾਲਿਬਾਨ ਸਰਕਾਰ ਅਜਿਹੇ ਪ੍ਰਬੰਧ ਕਰਨ ਵਿਚ ਲੱਗੀ ਹੋਈ ਹੈ ਕਿ ਨਾ ਤਾਂ ਬਾਹਰੋਂ ਕੋਈ ਉਨ੍ਹਾਂ ਨੂੰ ਦੇਖ ਸਕੇ ਅਤੇ ਨਾ ਹੀ ਕੋਈ ਬਾਹਰੀ ਵਿਅਕਤੀ ਨੂੰ ਉਹ ਦੇਖ ਸਕਣ। ਜ਼ਿਕਰਯੋਗ ਹੈ ਕਿ ਅਗੱਸਤ 2021 'ਚ ਸੱਤਾ 'ਚ ਆਉਣ ਤੋਂ ਬਾਅਦ ਤੋਂ ਹੀ ਤਾਲਿਬਾਨ ਸਰਕਾਰ ਔਰਤਾਂ ਦੇ ਅਧਿਕਾਰਾਂ 'ਤੇ ਪਾਬੰਦੀਆਂ ਲਗਾ ਰਹੀ ਹੈ। ਉਨ੍ਹਾਂ ਨੂੰ ਨੌਕਰੀ ਵੀ ਨਹੀਂ ਕਰਨ ਦਿਤੀ ਜਾਂਦੀ। ਸੰਯੁਕਤ ਰਾਸ਼ਟਰ ਨੇ ਵੀ ਔਰਤਾਂ ਪ੍ਰਤੀ ਤਾਲਿਬਾਨ ਦੀਆਂ ਨੀਤੀਆਂ 'ਤੇ ਨਾਖ਼ੁਸ਼ੀ ਪ੍ਰਗਟਾਈ ਹੈ। ਤਾਲਿਬਾਨ ਦੇ ਅਧਿਕਾਰੀਆਂ ਨੇ ਲੜਕੀਆਂ ਅਤੇ ਔਰਤਾਂ ਲਈ ਪ੍ਰਾਇਮਰੀ ਸਿਖਿਆ 'ਤੇ ਪਾਬੰਦੀ ਲਗਾ ਦਿਤੀ ਹੈ। ਉਨ੍ਹਾਂ ਨੂੰ ਪਾਰਕਾਂ ਅਤੇ ਹੋਰ ਜਨਤਕ ਥਾਵਾਂ 'ਤੇ ਜਾਣ 'ਤੇ ਵੀ ਪਾਬੰਦੀ ਲਗਾਈ ਗਈ ਹੈ। ਹਾਲ ਹੀ ਵਿਚ ਇੱਥੇ ਇਕ ਕਾਨੂੰਨ ਬਣਾਇਆ ਗਿਆ ਹੈ, ਜਿਸ ਦੇ ਅਨੁਸਾਰ ਔਰਤਾਂ ਨੂੰ ਜਨਤਕ ਤੌਰ 'ਤੇ ਕਵਿਤਾ ਗਾਉਣ ਜਾਂ ਪਾਠ ਕਰਨ ਦੀ ਮਨਾਹੀ ਹੈ।

## ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਅਤੇ ਨੋਬਲ ਪੁਰਸਕਾਰ ਜੇਤੂ ਜਿੰਮੀ ਕਾਰਟਰ ਦਾ ਹੋਇਆ ਦਿਹਾਂਤ

**ਅਮਰੀਕਾ।** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿੰਮੀ ਕਾਰਟਰ ਦਾ 100 ਸਾਲ ਦੀ ਉਮਰ ਵਿੱਚ ਜਾਰਜੀਆ ਵਿੱਚ ਉਨ੍ਹਾਂ ਦੇ ਘਰ ਵਿੱਚ ਦਿਹਾਂਤ ਹੋ ਗਿਆ ਹੈ। ਅਜੇ ਤਕ ਇਹ ਨਹੀਂ ਦੱਸਿਆ ਗਿਆ ਕਿ ਉਨ੍ਹਾਂ ਦੀ ਮੌਤ ਕਦੋਂ ਹੋਈ। 1 ਅਕਤੂਬਰ 1924 ਨੂੰ ਜਨਮੇ ਕਾਰਟਰ 1977 ਤੋਂ 1981 ਤੱਕ ਅਮਰੀਕਾ ਦੇ 39ਵੇਂ ਰਾਸ਼ਟਰਪਤੀ ਰਹੇ। ਉਹ ਅਮਰੀਕੀ ਇਤਿਹਾਸ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਰਹਿਣ ਵਾਲੇ ਰਾਸ਼ਟਰਪਤੀ ਸਨ। ਕਾਰਟਰ ਪਿਛਲੇ ਕੁਝ ਸਮੇਂ ਤੋਂ ਮੇਲਾਨੋਮਾ ਤੋਂ ਪੀੜਤ ਸਨ। ਇਹ ਚਮੜੀ ਦੇ ਕੈਂਸਰ ਦੀ ਇੱਕ ਕਿਸਮ ਹੈ। ਇਹ ਉਨ੍ਹਾਂ ਦੇ ਜਿਗਰ ਅਤੇ ਦਿਮਾਗ ਵਿੱਚ ਫੈਲ ਗਿਆ ਸੀ। 2023 ਵਿੱਚ ਉਨ੍ਹਾਂ ਨੇ



ਹਾਸਪਾਈਸ ਦੇਖਭਾਲ ਲੈਣ ਦਾ ਫ਼ੈਸਲਾ ਕੀਤਾ। ਹਾਸਪਾਈਸ ਕੇਅਰ ਵਿੱਚ ਹਸਪਤਾਲ ਦੇ ਇਲਾਜ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ। ਫਿਰ ਕੁਝ ਨਰਸਿੰਗ ਸਟਾਫ਼ ਅਤੇ ਪਰਿਵਾਰਕ ਮੈਂਬਰ ਘਰ ਵਿਚ ਮਰੀਜ਼ ਦੀ ਦੇਖਭਾਲ ਕਰਦੇ ਹਨ। ਰਾਸ਼ਟਰਪਤੀ ਦਾ ਅਹੁਦਾ ਛੱਡਣ ਤੋਂ ਬਾਅਦ ਉਨ੍ਹਾਂ ਨੇ ਆਪਣੀ ਸੰਸਥਾ 'ਕਾਰਟਰ ਸੈਂਟਰ' ਰਾਹੀਂ ਕਈ ਸਾਲਾਂ ਤੱਕ ਮਾਨਵਤਾ ਦੇ ਕੰਮ ਕੀਤੇ।


Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਦਿਲਜੀਤ ਦੁਸਾਂਝ ਵੱਲੋਂ ਗੁਹਾਟੀ ਕੰਸਰਟ ਡਾ. ਮਨਮੋਹਨ ਸਿੰਘ ਨੂੰ ਸਮਰਪਿਤ





**ਨਵੀਂ ਦਿੱਲੀ।** ਪੰਜਾਬੀ ਗਾਇਕ ਦਿਲਜੀਤ ਦੁਸਾਂਝ ਨੇ ਆਪਣਾ ਗੁਹਾਟੀ ਕੰਸਰਟ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸਮਰਪਿਤ ਕੀਤਾ ਹੈ, ਜਿਨ੍ਹਾਂ ਦਾ 26 ਦਸੰਬਰ ਨੂੰ ਦੇਹਾਂਤ ਹੋ ਗਿਆ ਸੀ। ਗਾਇਕ ਤੇ ਅਦਾਕਾਰ ਨੇ ਇੰਸਟਾਗ੍ਰਾਮ ’ਤੇ ਇਸ ਕੰਸਰਟ ਦੀ ਇੱਕ ਵੀਡੀਓ ਸਾਂਝੀ ਕੀਤੀ ਜਿਸ ’ਚ ਉਨ੍ਹਾਂ ਕੁਝ ਅਜਿਹੀਆਂ ਗੱਲਾਂ ਬਾਰੇ ਦੱਸਿਆ ਜੋ ਲੋਕਾਂ ਨੂੰ ਡਾ. ਮਨਮੋਹਨ ਸਿੰਘ ਤੋਂ ਸਿੱਖਣੀਆਂ ਚਾਹੀਦੀਆਂ ਹਨ। ਉਨ੍ਹਾਂ ਪੋਸਟ ਹੇਠਾਂ ਕੈਪਸ਼ਨ ਲਿਖੀ- ‘ਅੱਜ ਦਾ ਕੰਸਰਟ ਡਾ. ਮਨਮੋਹਨ ਸਿੰਘ ਜੀ ਨੂੰ ਸਮਰਪਿਤ ਹੈ। ਦਿਲ-ਲੂਮਿਨਾਟੀ ਟੂਰ ਸਾਲ 24’। ਇਸ ਕਲਿੱਪ ’ਚ ਉਨ੍ਹਾਂ ਦੱਸਿਆ ਕਿ ਕਿਵੇਂ ਡਾ. ਮਨਮੋਹਨ ਸਿੰਘ ਕਿਸੇ ਬਾਰੇ ਵੀ ਬੁਰਾ ਨਹੀਂ ਬੋਲਦੇ ਸਨ, ਭਾਵੇਂ ਸਬੰਧਤ ਵਿਅਕਤੀ ਨੇ ਉਨ੍ਹਾਂ ਬਾਰੇ ਮਾੜਾ ਬੋਲਿਆ ਹੋਵੇ। ਉਨ੍ਹਾਂ ਕਿਹਾ, ‘‘ਡਾ.ਮਨਮੋਹਨ ਸਿੰਘ ਨੇ ਬਹੁਤ ਸਾਦੀ ਜ਼ਿੰਦਗੀ ਬਤੀਤ ਕੀਤੀ। ਜੇ ਮੈਂ ਉਨ੍ਹਾਂ ਦੀ ਜ਼ਿੰਦਗੀ ਵੱਲ ਦੇਖਾਂ ਤਾਂ ਇਹ ਬਹੁਤ ਸਾਦੀ ਸੀ। ਜੇ ਕੋਈ ਉਨ੍ਹਾਂ ਬਾਰੇ ਮਾੜਾ ਬੋਲਦਾ ਵੀ ਸੀ ਤਾਂ ਉਹ ਉਸੇ ਢੰਗ ਨਾਲ ਕਦੇ ਵੀ ਪਲਟ ਕੇ ਜੁਆਬ ਨਹੀਂ ਦਿੰਦੇ ਸਨ। ਰਾਜਨੀਤੀ ’ਚ, ਇਸ ਗੱਲ ਤੋਂ ਗੁਰੇਜ਼ ਕਰਨਾ ਸਭ ਤੋਂ ਔਖਾ ਹੈ।’’ ਦਿਲਜੀਤ ਦੁਸਾਂਝ ਨੇ ਉਨ੍ਹਾਂ ਸ਼ਬਦਾਂ ਦਾ ਜ਼ਿਕਰ ਕੀਤਾ ਜੋ ਹਰ ਇਨਸਾਨ ਨੂੰ ਉਨ੍ਹਾਂ ਤੋਂ ਸਿੱਖਣੇ ਚਾਹੀਦੇ ਹਨ। ਉਨ੍ਹਾਂ ਕਿਹਾ, ‘‘ਉਹ ਅਕਸਰ ਕਹਿੰਦੇ ਸਨ ‘ਹਜ਼ਾਰੋਂ ਜਵਾਬੋਂ ਸੇ ਮੇਰੀ ਖਾਮੋਸ਼ੀ ਅੱਛੀ, ਨਾ ਜਾਨੇ ਕਿਤਨੇ ਸਵਾਲੋਂ ਕੀ ਆਬਰੂ ਢਕ ਲੇਤੀ ਹੈ।’ ਇਹ ਅਜਿਹੀ ਗੱਲ ਹੈ ਜੋ ਨੌਜਵਾਨਾਂ ਨੂੰ ਉਨ੍ਹਾਂ ਤੋਂ ਸਿੱਖਣ ਦੀ ਲੋੜ ਹੈ, ਇੱਥੋਂ ਤੱਕ ਕਿ ਮੈਨੂੰ ਵੀ। ਸਾਨੂੰ ਆਪਣੇ ਟੀਚਿਆਂ ’ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ, ਭਾਵੇਂ ਕਿ ਲੋਕ ਸਾਡੇ ਬਾਰੇ ਮਾੜਾ ਬੋਲਣ ਤੇ ਸਾਨੂੰ ਭਟਕਾਉਣ ਦੀ ਕੋਸ਼ਿਸ਼ ਕਰਨ।’’

# ਹਿਮਾਚਲ 'ਚ ਢਾਈ ਫੁੱਟ ਤਕ ਜੰਮੀ ਬਰਫ਼, 340 ਸੜਕਾਂ ਬੰਦ

**ਹਿਮਾਚਲ।** ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ 'ਚ ਲਗਾਤਾਰ ਬਰਫ਼ਬਾਰੀ ਹੋ ਰਹੀ ਹੈ। ਹਿਮਾ-ਚਲ ਦੀਆਂ 340 ਸੜਕਾਂ 'ਤੇ ਆਵਾਜਾਈ ਬੰਦ ਕਰ ਦਿਤੀ ਗਈ ਹੈ। ਚਿਤਕੁਲ 'ਚ ਢਾਈ ਫੁੱਟ ਤੋਂ ਜ਼ਿਆਦਾ ਬਰਫ਼ ਪਈ ਹੈ, ਜਿਸ ਕਾਰਨ ਕਈ ਸੈਲਾਨੀ ਫ਼ਸੇ ਹੋਏ ਹਨ। ਕਸ਼ਮੀਰ ਵਿਚ ਬਰਫ਼ਬਾਰੀ ਕਾਰਨ ਸ੍ਰੀਨਗਰ-ਲੇਹ ਸੜਕ ਬੰਦ ਹੈ। ਕਸ਼ਮੀਰ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਰੱਦ ਕਰ ਦਿਤੀਆਂ ਗਈਆਂ ਹਨ। ਕਰੀਬ 1800 ਵਾਹਨ ਫ਼ਸੇ ਹੋਏ ਹਨ। ਗੰਦਰਬਲ, ਸੋਨਮਰਗ, ਪਹਿਲਗਾਮ, ਗੁੰਡ, ਬਾਰਾਮੂਲਾ ਸਮੇਤ ਕਈ ਥਾਵਾਂ 'ਤੇ ਤਾਪਮਾਨ ਮਨਫੀ 10 ਤੋਂ 22 ਡਿਗਰੀ ਤਕ ਪਹੁੰਚ ਗਿਆ। ਇੱਥੇ ਇੱਕ ਫੁੱਟ ਤੱਕ ਬਰਫ਼ਬਾਰੀ ਹੋਈ, ਜਿਸ ਕਾਰਨ ਕਰੀਬ 2 ਹਜ਼ਾਰ ਸੈਲਾਨੀ ਵੱਖ-ਵੱਖ ਥਾਵਾਂ 'ਤੇ ਫਸ ਗਏ। ਸਥਾਨਕ ਕਸ਼ਮੀਰੀਆਂ ਨੇ ਘਰਾਂ ਅਤੇ ਮਸਜਿਦਾਂ ਦੇ ਦਰਵਾਜ਼ੇ ਖੋਲ੍ਹ ਦਿਤੇ। ਉਨ੍ਹਾਂ ਨੂੰ ਰਹਿਣ ਲਈ ਜਗ੍ਹਾ, ਕੰਬਲ ਅਤੇ ਰਜਾਈਆਂ ਦੇ ਨਾਲ-ਨਾਲ ਗਰਮ ਖਾਣ-ਪੀਣ ਦੀਆਂ ਚੀਜ਼ਾਂ ਵੀ ਦਿਤੀਆਂ ਗਈਆਂ। ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ 'ਚ ਅਗਲੇ 24 ਘੰਟਿਆਂ 'ਚ 3 ਹਜ਼ਾਰ ਮੀਟਰ ਤੋਂ ਜ਼ਿਆਦਾ ਦੀ ਉਚਾਈ 'ਤੇ ਬਰਫ਼ ਖਿਸਕਣ (ਬਰਫ ਡਿੱਗਣ) ਦਾ ਆਰੈਂਜ ਅਲਰਟ ਜਾਰੀ ਕੀਤਾ ਗਿਆ ਹੈ।

# ਜਰਮਨ ਸੰਸਦ ਮੈਂਬਰ ਨੇ ਭਾਰਤ ’ਚ ਕੀਤਾ ‘ਬੈਲਟ ਪੇਪਰਾਂ’ ਨਾਲ ਚੋਣਾਂ ਕਰਵਾਉਣ ਦਾ ਗੁਣਗਾਨ

**● ਸਮਾਜਵਾਦੀ ਪਾਰਟੀ ਆਗੂ ਅਖਿਲੇਸ਼ ਯਾਦਵ ਨਾਲ ਸਾਂਝੀ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕੀਤਾ ● ਈ.ਵੀ.ਐਮ. ’ਤੇ ਭਰੋਸਾ ਨਹੀਂ ਹੁੰਦਾ : ਅਖਿਲੇਸ਼ ਯਾਦਵ ● ਕਿਹਾ, ਇਹ ਸਵਾਲ ਵੱਡਾ ਹੈ ਕਿ ਚੋਣਾਂ ਜਿੱਤਣ ਵਾਲਿਆਂ ਦੇ ਚਿਹਰੇ ਕਿਉਂ ਉਤਰੇ ਹੁੰਦੇ ਹਨ।**



**ਲਖਨਊ ।** ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਤੇ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਐਤਵਾਰ ਨੂੰ ਬੈਲਟ ਪੇਪਰਾਂ ਨਾਲ ਚੋਣਾਂ ਦੀ ਵਕਾਲਤ ਕਰਦੇ ਹੋਏ ਕਿਹਾ ਕਿ ਚੋਣਾਂ ਅਜਿਹੀਆਂ ਹੋਣੀਆਂ ਚਾਹੀਦੀਆਂ ਹਨ, ਜਿਨ੍ਹਾਂ ’ਤੇ ਭਰੋਸਾ ਕੀਤਾ ਜਾ ਸਕੇ ਕਿਉਂਕਿ ਈ.ਵੀ.ਐਮ. (ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ) ’ਤੇ ਭਰੋਸਾ ਨਹੀਂ ਹੁੰਦਾ। ਫ੍ਰੈਂਕਫਰਟ (ਜਰਮਨੀ) ਤੋਂ ਭਾਰਤੀ ਮੂਲ ਦੇ ਸੰਸਦ ਮੈਂਬਰ ਰਾਹੁਲ ਕੁਮਾਰ ਕੰਬੋਜ ਦੇ ਨਾਲ ਸਮਾਜਵਾਦੀ ਪਾਰਟੀ (ਸਪਾ) ਦੇ ਮੁੱਖ ਦਫ਼ਤਰ ’ਚ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਯਾਦਵ ਨੇ ਕਿਹਾ ਕਿ ਅੱਜ ਜਰਮਨੀ ਵਰਗਾ ਦੇਸ਼ ਵੀ ਬੈਲਟ ਪੇਪਰਾਂ ਨਾਲ ਚੋਣਾਂ ਕਰਵਾ ਰਿਹਾ ਹੈ ਪਰ ‘ਭਾਰਤ ’ਚ ਫ਼ਾਇਦੇ ਲਈ ਈ.ਵੀ.ਐਮ. ਨਾਲ ਚੋਣਾਂ ਕਰਵਾਉਣ ਦੀ ਖੇਡ ਚੱਲ ਰਹੀ ਹੈ।’ ਸਮਾਜਵਾਦੀ ਪਾਰਟੀ ਮੁਖੀ ਨੇ ਜ਼ੋਰ ਦੇ ਕੇ ਕਿਹਾ ਕਿ ਚੋਣਾਂ ਅਜਿਹੀਆਂ ਹੋਣੀਆਂ ਚਾਹੀਦੀਆਂ ਹਨ ਜਿਸ ’ਤੇ ਭਰੋਸਾ ਕੀਤਾ ਜਾ ਸਕੇ, ਕਿਸੇ ਨੂੰ ਵੀ ਈ.ਵੀ.ਐਮ. ’ਤੇ ਭਰੋਸਾ ਨਹੀਂ ਹੁੰਦਾ। ਉਨ੍ਹਾਂ ਕਿਹਾ, ‘‘ਇਹੀ ਕਾਰਨ ਹੈ ਕਿ ਚੋਣਾਂ ਜਿੱਤਣ ਵਾਲਿਆਂ ਦੇ ਚਿਹਰੇ ਵੀ ਜਿੱਤ ਤੋਂ ਬਾਅਦ ਲਟਕੇ ਹੋਏ ਨਜ਼ਰ ਆਉਂਦੇ ਹਨ ਕਿਉਂਕਿ ਉਨ੍ਹਾਂ ਨੂੰ ਅੰਦਰੋਂ ਭਰੋਸਾ ਨਹੀਂ ਹੁੰਦਾ। ਇਹ ਸਵਾਲ ਵੱਡਾ ਹੈ ਕਿ ਚੋਣਾਂ ਜਿੱਤਣ ਵਾਲਿਆਂ ਦੇ ਚਿਹਰੇ ਕਿਉਂ ਉਤਰੇ ਹੁੰਦੇ ਹਨ।’’ ਇਸ ਤੋਂ ਪਹਿਲਾਂ ਐਤਵਾਰ ਨੂੰ ਜਰਮਨੀ ਦੇ ਸੰਸਦ ਮੈਂਬਰ ਰਾਹੁਲ ਕੁਮਾਰ ਕੰਬੋਜ ਨੇ ਸਮਾਜਵਾਦੀ ਪਾਰਟੀ ਦੇ ਮੁੱਖ ਦਫ਼ਤਰ ’ਚ ਅਖਿਲੇਸ਼ ਯਾਦਵ ਨਾਲ ਮੁਲਾਕਾਤ ਤੋਂ ਬਾਅਦ ਉਨ੍ਹਾਂ ਨਾਲ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ ਅਤੇ ਜਰਮਨੀ ’ਚ ਬੈਲਟ ਪੇਪਰ ਚੋਣਾਂ ਬਾਰੇ ਗੱਲ ਕੀਤੀ। ਬੈਲਟ ਪੇਪਰ ਚੋਣਾਂ ਦੇ ਫਾਇਦਿਆਂ ਬਾਰੇ ਦੱਸਦਿਆਂ ਕੰਬੋਜ ਨੇ ਕਿਹਾ ਕਿ ਅੱਜ ਵੀ ਜਰਮਨੀ ’ਚ ਵੋਟਿੰਗ ਬੈਲਟ ਪੇਪਰ ਰਾਹੀਂ ਕੀਤੀ ਜਾਂਦੀ ਹੈ ਅਤੇ ਇਹ ਬਹੁਤ ਵੱਡੀ ਗੱਲ ਹੈ। ਜੇ ਕੋਈ ਕਮੀ ਹੈ, ਤਾਂ ਦੁਬਾਰਾ ਗਿਣਤੀ ਕੀਤੀ ਜਾ ਸਕਦੀ ਹੈ। ਲਖਨਊ ਦੀ ਅਪਣੀ ਪਹਿਲੀ ਯਾਤਰਾ ਅਤੇ ਪਿਛਲੇ ਕਈ ਸਾਲਾਂ ਤੋਂ ਅਖਿਲੇਸ਼ ਯਾਦਵ ਨਾਲ ਅਪਣੀ ਗੱਲਬਾਤ ਬਾਰੇ ਗੱਲ ਕਰਦਿਆਂ ਕੰਬੋਜ ਨੇ ਕਿਹਾ, ‘‘ਸਾਡੀ ਕੋਸ਼ਿਸ਼ ਹੈ ਕਿ ਅਸੀਂ ਭਾਰਤੀ ਮੂਲ ਦੇ ਅਪਣੇ ਸਾਰੇ ਭਰਾਵਾਂ ਦੀ ਮਦਦ ਕਰੀਏ ਤਾਂ ਜੋ ਜਰਮਨੀ ਅਤੇ ਭਾਰਤ ਦੀ ਗੁਣਵੱਤਾ ਮਿਲ ਜਾਵੇ।’’ ਉਨ੍ਹਾਂ ਨੇ ਅਖਿਲੇਸ਼ ਯਾਦਵ ਨਾਲ ਮਿਲ ਕੇ ਲੋਕਾਂ ਨੂੰ ਆਉਣ ਵਾਲੇ ਦਿਨਾਂ ’ਚ ਜਰਮਨੀ ’ਚ ਹੋਣ ਵਾਲੇ ਸਭਿਆਚਾਰਕ ਮੇਲੇ ’ਚ ਸ਼ਾਮਲ ਹੋਣ ਦਾ ਸੱਦਾ ਦਿਤਾ ਅਤੇ ਕਿਹਾ ਕਿ ਹੁਣ ਵੀਜ਼ਾ ਸੰਕਟ ਨਹੀਂ ਰਹੇਗਾ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Sham Lal Chander consultant- call number - 07488841161

# ਮਾਤਾ ਸੁਰਜੀਤ ਕੌਰ ਸਹੋਤਾ ਨੂੰ ਵੱਖ ਵੱਖ ਆਗੂਆਂ ਵੱਲੋਂ ਸਰਧਾ ਦੇ ਫੁੱਲ ਭੇਟ











**ਮਾਤਾ ਸੁਰਜੀਤ ਕੌਰ ਸਹੋਤਾ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਵੱਖ ਵੱਖ ਬੁਲਾਰੇ ਅਤੇ ਸੰਗਤਾਂ ਦਾ ਧੰਨਵਾਦ ਕਰਦੇ ਹੋਏ ਦਲਜੀਤ ਸਿੰਘ ਸਹੋਤਾ।**

**ਲੈਸਟਰ (ਇੰਗਲੈਂਡ) (ਸੁਖਜਿਦਰ ਸਿੰਘ ਢੱਡੇ)–** ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੇ ਸਾਬਕਾ ਪ੍ਰਧਾਨ ਸ ਦਲਜੀਤ ਸਿੰਘ ਸਹੋਤਾ ਦੇ ਮਾਤਾ ਸੁਰਜੀਤ ਕੌਰ ਸਹੋਤਾ ਦਾ ਅੰਤਿਮ ਸੰਸਕਾਰ ਅੱਜ ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਗ੍ਰੇਟ ਗਲੇਨ ਸ਼ਮਸ਼ਾਨ ਘਾਟ ਵਿਖੇ ਕੀਤਾ ਗਿਆ,ਇਸ ਤੋਂ ਪਹਿਲਾਂ ਸਵੇਰੇ 9 ਵਜੇ ਮਾਤਾ ਸੁਰਜੀਤ ਕੌਰ ਸਹੋਤਾ ਦੀ ਮ੍ਰਿਤਕ ਦੇਹ ਅੰਤਿਮ ਦਰਸ਼ਨਾਂ ਲਈ ਸ ਸਹੋਤਾ ਦੇ ਗ੍ਰਹਿ 375 ਲੰਡਨ ਰੋਡ ਸਟੋਨੇਗੇਟ ਵਿਖੇ ਲਿਆਂਦੀ ਗਈ। ਜਿਥੇ ਵੱਡੀ ਗਿਣਤੀ ਚ ਇਕੱਤਰਤ ਹੋਏ ਲੋਕਾਂ ਨੇ ਮਾਤਾ ਜੀ ਦੇ ਅੰਤਿਮ ਦਰਸਨ ਕਰਕੇ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦਿੱਤੀ। ਉਪਰੋਕਤ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਕਲੈਟਨਿਮ ਪਾਰਕ ਵਿਖੇ ਮਾਤਾ ਜੀ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਅੰਤਿਮ ਅਰਦਾਸ ਕੀਤੀ ਗਈ। ਇਸ ਮੌਕੇ ਤੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਗੋਰਡਨ ਸਟਾਰ ਪੰਜਾਬੀ ਗਾਇਕ ਮਲਕੀਤ ਸਿੰਘ, ਸਾਬਕਾ ਮੈਂਬਰ ਪਾਰਲੀਮੈਂਟ ਵਰਿੰਦਰ ਸ਼ਰਮਾ, ਰੇਸ਼ਮ ਸਿੰਘ ਸੰਧੂ, ਨਛੱਤਰ ਕਲਸੀ, ਆਪ ਆਗੂ ਸੁਖਵੰਤ ਸਿੰਘ ਪੰਡਾਂ ਜਰਮਨ, ਰਛਪਾਲ ਸਿੰਘ ਸੰਘਾ , ਕੁਲਵੰਤ ਸਿੰਘ ਚੱਢਾ, ਅਜਾਇਬ ਸਿੰਘ ਗਰਚਾ ਸਮੇਤ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ, ਯੂਰਪ ਅਤੇ ਅਫਰੀਕਾ ਕੇਨੈਡਾ ਸਮੇਤ ਪੰਜਾਬ ਤੋਂ ਪੁੱਜੇ ਵੱਖ ਵੱਖ ਸਿਆਸੀ, ਧਾਰਮਿਕ ਅਤੇ ਸਮਾਜ਼ ਸੇਵੀ ਆਗੂਆਂ ਨੇ ਮਾਤਾ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਤੇ ਸਟੇਜ ਸਕੱਤਰ ਦੀ ਸੇਵਾ ਨਛੱਤਰ ਸਿੰਘ ਕਲਸੀ ਵੱਲੋਂ ਨਿਭਾਈ ਗਈ।ਇਸ ਮੌਕੇ ਤੇ ਵੱਖ ਵੱਖ ਸਿਆਸੀ ਆਗੂਆਂ ਵੱਲੋਂ ਭੇਜੇ ਗਏ ਸ਼ੋਕ ਸੁਨੇਹੇ ਵੀ ਪੜ ਕੇ ਸੁਣਾਏ ਗਏ।ਅੰਤ ਚ ਸ ਦਲਜੀਤ ਸਿੰਘ ਸਹੋਤਾ ਨੇ ਅਏ ਹੋਏ ਵੱਖ ਵੱਖ ਆਗੂਆਂ ਦਾ ਅਤੇ ਰਿਸ਼ਤੇਦਾਰਾਂ ਦਾ ਧੰਨਵਾਦ ਕੀਤਾ।ਇਸ ਮੌਕੇ ਤੇ ਮੰਗਤ ਸਿੰਘ ਪਲਾਹੀ,ਸੀਤਲ ਸਿੰਘ ਗਿੱਲ,ਕੇ ਬੀ ਢੀਂਡਸਾ, ਅੰਮ੍ਰਿਤ ਪਾਲ ਸਿੰਘ, ਸਮੇਤ ਵੱਡੀ ਗਿਣਤੀ ਚ ਸਾਕ ਸਬੰਧੀ ਹਾਜ਼ਿਰ ਸਨ।

# ਏ.ਕੇ.ਐਮ. ਯੂਨੀਅਨ ਤੇ ਬੀ.ਕੇ.ਯੂ ਏਕਤਾ (ਫਤਿਹ) ਨੇ ਰੋਸ ਧਰਨਾ ਸਮਰਾਲਾ ਚੌਕ ਵਿਖੇ ਲਾਇਆ

## ਪੰਜਾਬ ਵਾਸੀਆਂ ਨੂੰ ਇਕੱਠੇ ਹੋ ਕੇ ਨਸਲਾਂ ਤੇ ਫ਼ਸਲਾਂ ਨੂੰ ਬਚਾਉਣ ਦੀ ਲੋੜ–ਜੱਥੇਦਾਰ ਨਿਮਾਣਾ




**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸੰਯੁਕਤ ਕਿਸਾਨ ਮੋਰਚੇ ਵੱਲੋਂ ਪੰਜਾਬ ਬੰਦ ਦੀ ਕਾਲ ਨੂੰ ਕਾਮਯਾਬ ਕਰਨ ਲਈ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੇ ਕੌਮੀ ਪ੍ਰਧਾਨ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਅਤੇ ਭਾਰਤੀ ਕਿਸਾਨ ਯੂਨੀਅਨ (ਫਤਿਹ) ਦੇ ਪ੍ਰਧਾਨ ਰਵਿੰਦਰ ਸਿੰਘ ਦੀ ਅਗਵਾਈ ਹੇਠ ਸਮਰਾਲਾ ਚੌਕ ਲੁਧਿਆਣਾ ਵਿਖੇ ਵਿਸ਼ਾਲ ਸ਼ਾਂਤਮਈ ਰੋਸ ਧਰਨਾ ਦਿੱਤਾ ਗਿਆ। ਇਸ ਮੌਕੇ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੇ ਕੌਮੀ ਪ੍ਰਧਾਨ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਕਿਹਾ ਕੇਂਦਰ ਸਰਕਾਰ ਰਾਹੀਂ ਕੋਪਰੇਟ ਘਰਾਣੇ ਕੇਂਦਰ ਦੀ ਸਰਕਾਰ ਰਾਹੀਂ ਵੇਅਰ ਹਾਊਸ, ਵੱਡੇ ਵੱਡੇ ਮਾਲ ਬਣਾ ਕੇ ਇੱਕਲੇ ਕਿਸਾਨਾਂ ਮਜ਼ਦੂਰਾਂ ਤੇ ਹਮਲਾ ਨਹੀਂ ਸ਼ਹਿਰ ਵਾਸੀਆਂ ਦੇ ਹਰੇਕ ਵਪਾਰ ਤੇ ਕਬਜ਼ਾ ਕਰਕੇ ਪੰਜਾਬ ਦੇ ਛੋਟੇ ਦੁਕਾਨਦਾਰਾਂ, ਛੋਟੀਆਂ ਫੈਕਟਰੀ ਤੇ ਕੀਤਾ ਜਾ ਰਿਹਾ ਹੈ। ਅੱਜ ਸਮੇਂ ਦੀ ਮੁੱਖ ਲੋੜ ਸਮੁੱਚੇ ਪੰਜਾਬ ਵਾਸੀਆਂ ਨੂੰ ਇਕੱਠੇ ਹੋ ਕੇ ਪੰਜਾਬ ਦੀਆਂ ਨਸਲਾਂ ਤੇ ਫਸਲਾਂ ਨੂੰ ਬਚਾਉਣ ਦੀ ਲੋੜ ਹੈ। ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਵੱਲੋਂ ਕੌਮੀ ਜਨਰਲ ਸਕੱਤਰ ਸਰਪੰਚ ਨਿਰਮਲ ਸਿੰਘ ਬੇਰਕਲਾਂ ਦੀ ਅਗਵਾਈ ਹੇਠ ਰੋਸ ਧਰਨਾ ਜੈਨ ਮੰਦਰ ਚੌਕ 200 ਫੁੱਟੀ ਰੋਡ ਤੇ ਲਾਇਆ। ਇਸ ਮੌਕੇ ਤੇ ਮਨਜੀਤ ਸਿੰਘ ਤੂਰ, ਭੁਪਿੰਦਰ ਸਿੰਘ, ਅਮਰਜੀਤ ਭੱਟੀ, ਬਲਦੇਵ ਸਿੰਘ ਸੰਧੂ, ਜਗਜੀਤ ਸਿੰਘ ਗਰੇਵਾਲ, ਪ੍ਰੀਤਮ ਸਿੰਘ ਖਾਲਸਾ, ਰਾਧੇ ਸ਼ਰਮਾ, ਜੁਝਾਰ ਸਿੰਘ, ਮਾਲਵਿੰਦਰ ਸਿੰਘ, ਦੀਦਾਰ ਸਿੰਘ, ਚਰਨਜੀਤ ਸਿੰਘ, ਗੁਰਦੀਪ ਸਿੰਘ, ਸੁਖਚੈਨ ਸਿੰਘ ਗੱਜਣ, ਬਲਬੀਰ ਸਿੰਘ, ਕੇਵਲ ਸਿੰਘ, ਮਹਿੰਦਰ ਸਿੰਘ, ਕੁਲਦੀਪ ਸਿੰਘ, ਮਨੋਜ ਨਾਰੰਗ ਹਾਜ਼ਰ ਸਨ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਅੰਬੇਡਕਰ ਮਿਸ਼ਨ ਸੁਸਾਇਟੀ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਦਿੱਤੀ ਸ਼ਰਧਾਂਜਲੀ




ਸਾਬਕਾ ਪ੍ਰਧਾਨ ਮੰਤਰੀ (ਸਵ. ਡਾ: ਮਨਮੋਹਨ ਸਿੰਘ। ਮੀਡੀਆ ਨੂੰ ਜਾਣਕਾਰੀ ਪ੍ਰਦਾਨ ਕਰਦੇ ਹੋਏ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਅਹੁਦੇਦਾਰ।

**ਜਲੰਧਰ (ਸਮਾਜ ਵੀਕਲੀ)** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੀ ਕਾਰਜਕਾਰਨੀ ਕਮੇਟੀ ਦੀ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਅੰਬੇਡਕਰ ਮਿਸ਼ਨ ਸੁਸਾਇਟੀ, ਅੰਬੇਡਕਰ ਭਵਨ ਟਰੱਸਟ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਯੂਨਿਟ ਦੇ ਮੈਂਬਰਾਂ ਵੱਲੋਂ ਨਿੱਘੀ ਸ਼ਰਧਾਂਜਲੀ ਦਿੱਤੀ ਗਈ। ਉਨ੍ਹਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਵੀ ਰੱਖਿਆ ਗਿਆ। ਡਾ. ਮਨਮੋਹਨ ਸਿੰਘ ਜੀ ਦੀਆਂ ਦੇਸ਼ ਪ੍ਰਤੀ ਸੇਵਾਵਾਂ ਨੂੰ ਯਾਦ ਕੀਤਾ ਗਿਆ ਅਤੇ ਉਨ੍ਹਾਂ 'ਤੇ ਚਰਚਾ ਕੀਤੀ ਗਈ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿੱਚ ਦਿੱਤੀ। ਬਲਦੇਵ ਭਾਰਦਵਾਜ ਨੇ ਕਿਹਾ ਕਿ 1972 ਵਿੱਚ, ਡਾ. ਮਨਮੋਹਨ ਸਿੰਘ ਵਿੱਤ ਮੰਤਰਾਲੇ ਵਿੱਚ ਮੁੱਖ ਆਰਥਿਕ ਸਲਾਹਕਾਰ ਸਨ ਅਤੇ 1976 ਵਿੱਚ ਉਹ ਵਿੱਤ ਮੰਤਰਾਲੇ ਵਿੱਚ ਸਕੱਤਰ ਸਨ। 1980-1982 ਵਿੱਚ ਉਹ ਯੋਜਨਾ ਕਮਿਸ਼ਨ ਵਿੱਚ ਸੀ ਅਤੇ 1982 ਵਿੱਚ, ਉਸ ਨੂੰ ਉਸ ਸਮੇਂ ਦੇ ਵਿੱਤ ਮੰਤਰੀ ਪ੍ਰਣਬ ਮੁਖਰਜੀ ਦੇ ਅਧੀਨ ਭਾਰਤੀ ਰਿਜ਼ਰਵ ਬੈਂਕ ਦਾ ਗਵਰਨਰ ਨਿਯੁਕਤ ਕੀਤਾ ਗਿਆ ਸੀ ਅਤੇ 1985 ਤੱਕ ਇਸ ਅਹੁਦੇ 'ਤੇ ਰਹੇ। ਸਿੰਘ ਨੂੰ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ ਦੀ ਅਗਵਾਈ ਵਾਲੀ ਸਰਕਾਰ ਦੁਆਰਾ 1991 ਵਿੱਚ ਵਿੱਤ ਮੰਤਰੀ ਨਿਯੁਕਤ ਕੀਤਾ ਗਿਆ ਸੀ। ਉਹ 1991 ਵਿੱਚ ਆਪਣੇ ਪਹਿਲੇ ਬਜਟ ਭਾਸ਼ਣ ਦੌਰਾਨ ਸੰਸਦ ਵਿੱਚ ਇਹ ਕਹਿੰਦੇ ਹੋਏ ਮਸ਼ਹੂਰ ਹੋਏ ਸਨ ਕਿ "ਧਰਤੀ ਦੀ ਕੋਈ ਵੀ ਤਾਕਤ ਇੱਕ ਵਿਚਾਰ ਨੂੰ ਰੋਕ ਨਹੀਂ ਸਕਦੀ ਜਿਸਦਾ ਸਮਾਂ ਆ ਗਿਆ ਹੈ"। ਭਾਰਦਵਾਜ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਦੇ ਕਾਰਜਕਾਲ, ਭਾਰਤ ਦੇ ਪ੍ਰਧਾਨ ਮੰਤਰੀ ਵਜੋਂ, ਖਾਸ ਤੌਰ 'ਤੇ 2004 ਅਤੇ 2009 ਦੇ ਵਿਚਕਾਰ, ਦੇਸ਼ ਦੀ ਜੀਡੀਪੀ ਲਗਭਗ 8% ਦੀ ਇੱਕ ਸਿਹਤਮੰਦ ਔਸਤ ਰਫ਼ਤਾਰ ਨਾਲ ਵਧੀ, ਜੋ ਕਿ ਪ੍ਰਮੁੱਖ ਅਰਥਚਾਰਿਆਂ ਵਿੱਚ ਦੂਜਾ ਸਭ ਤੋਂ ਤੇਜ਼ ਸੀ। ਵਿਰੋਧੀਆਂ ਵੱਲੋਂ ਉਨ੍ਹਾਂ ਤੇ ਕੁਝ ਦੋਸ਼ ਵੀ ਲਗਾਏ ਗਏ ਪਰ ਆਪਣੇ 'ਤੇ ਲਗਾਏ ਗਏ ਦੋਸ਼ਾਂ ਦੇ ਜਵਾਬ ਵਿੱਚ, ਉਨ੍ਹਾਂ ਨੇ ਪ੍ਰਧਾਨ ਮੰਤਰੀ ਵਜੋਂ ਆਪਣੀ ਆਖਰੀ ਪ੍ਰੈਸ ਕਾਨਫਰੰਸ ਵਿੱਚ 2014 ਵਿੱਚ ਪੱਤਰਕਾਰਾਂ ਨੂੰ ਕਿਹਾ ਸੀ ਕਿ ਉਸਨੂੰ ਉਮੀਦ ਹੈ ਕਿ ਇਤਿਹਾਸ ਉਸਦਾ ਵੱਖਰਾ ਨਿਰਣਾ ਕਰੇਗਾ। ਪ੍ਰਧਾਨ ਮੰਤਰੀ ਵਜੋਂ, ਡਾ. ਮਨਮੋਹਨ ਸਿੰਘ ਨੇ ਕਈ ਦੂਰਗਾਮੀ ਫੈਸਲੇ ਲਏ ਜੋ ਅੱਜ ਵੀ ਭਾਰਤੀ ਲੋਕਤੰਤਰ ਦੀ ਸਿਹਤ 'ਤੇ ਪ੍ਰਭਾਵ ਪਾਉਂਦੇ ਹਨ। ਉਨ੍ਹਾਂ ਨੇ ਨਵੇਂ ਕਾਨੂੰਨ ਪੇਸ਼ ਕੀਤੇ ਜੋ ਸਰਕਾਰ ਤੋਂ ਜਾਣਕਾਰੀ ਲੈਣ ਦੇ ਅਧਿਕਾਰ ਨੂੰ ਮਜ਼ਬੂਤ ਅਤੇ ਗਾਰੰਟੀ ਦਿੰਦੇ ਹਨ, ਜਿਸ ਨਾਲ ਨਾਗਰਿਕਾਂ ਨੂੰ ਅਧਿਕਾਰੀਆਂ ਨੂੰ ਜਵਾਬਦੇਹ ਬਣਾਉਣ ਦੀ ਅਸਾਧਾਰਣ ਸ਼ਕਤੀ ਮਿਲਦੀ ਹੈ। ਉਨ੍ਹਾਂ ਨੇ ਇੱਕ ਪੇਂਡੂ ਰੁਜ਼ਗਾਰ ਯੋਜਨਾ ਵੀ ਪੇਸ਼ ਕੀਤੀ ਜੋ ਘੱਟੋ ਘੱਟ 100 ਦਿਨਾਂ ਲਈ ਰੋਜ਼ੀ-ਰੋਟੀ ਦੀ ਗਾਰੰਟੀ ਦਿੰਦੀ ਹੈ, ਇੱਕ ਮਾਪ ਅਰਥਸ਼ਾਸਤਰੀਆਂ ਨੇ ਕਿਹਾ ਕਿ ਪੇਂਡੂ ਆਮਦਨ ਅਤੇ ਗਰੀਬੀ ਘਟਾਉਣ 'ਤੇ ਡੂੰਘਾ ਪ੍ਰਭਾਵ ਪਿਆ। ਉਸਨੇ ਇੱਕ ਕਾਨੂੰਨ ਵੀ ਲਿਆਂਦਾ ਜੋ 6 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਲਈ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਦੀ ਗਰੰਟੀ ਦਿੰਦਾ ਹੈ, ਸਕੂਲ ਛੱਡਣ ਦੀਆਂ ਦਰਾਂ ਨੂੰ ਮਹੱਤਵਪੂਰਣ ਰੂਪ ਵਿੱਚ ਘਟਾਉਂਦਾ ਹੈ। ਉਨ੍ਹਾਂ ਦੀ ਸਰਕਾਰ ਨੇ ਵਿੱਤੀ ਸਮਾਵੇਸ਼ ਨੂੰ ਬਿਹਤਰ ਬਣਾਉਣ ਅਤੇ ਗਰੀਬਾਂ ਨੂੰ ਭਲਾਈ ਲਾਭ ਪਹੁੰਚਾਉਣ ਲਈ ਆਧਾਰ ਨਾਮਕ ਇੱਕ ਵਿਲੱਖਣ ਪਛਾਣ ਪ੍ਰੋਜੈਕਟ ਵੀ ਪੇਸ਼ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਚਲਾਈ ਜਾ ਰਹੀ ਮੌਜੂਦਾ ਸੰਘੀ ਸਰਕਾਰ ਨੇ ਆਪਣੀਆਂ ਕਈ ਨੀਤੀਆਂ ਲਈ ਆਧਾਰ ਨੂੰ ਆਧਾਰ ਬਣਾਉਣਾ ਜਾਰੀ ਰੱਖਿਆ ਹੈ। ਭਾਰਦਵਾਜ ਨੇ ਅੱਗੇ ਕਿਹਾ ਕਿ ਇਸੇ ਹੀ ਮੀਟਿੰਗ ਵਿੱਚ ਮੈਂਬਰਾਂ ਨੇ ਆਪਣੇ ਬਹੁਤ ਹੀ ਸੀਨੀਅਰ ਉੱਘੇ ਅੰਬੇਡਕਰੀ ਅਤੇ ਬੁੱਧਿਸਟ ਮਿਸ਼ਨਰੀ ਸਾਥੀ ਸ੍ਰੀ ਮਨੋਹਰ ਲਾਲ ਬਾਲੀ (ਨਵਾਂ ਸ਼ਹਿਰ) ਦੇ ਜਵਾਨ ਬੇਟੇ ਸਿਧਾਰਥ ਬਾਲੀ ਦੇ 19 ਦਸੰਬਰ 2024 ਨੂੰ ਅਚਾਨਕ ਦੇਹਾਂਤ ਹੋਣ ਤੇ ਵੀ ਗਹਿਰਾ ਦੁੱਖ ਪ੍ਰਗਟ ਕੀਤਾ ਅਤੇ ਦੋ ਮਿੰਟ ਦਾ ਮੌਨ ਰੱਖ ਕੇ ਸਿਧਾਰਥ ਬਾਲੀ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਸਰਬ ਸ਼੍ਰੀ ਸੋਹਨ ਲਾਲ, ਡਾ. ਜੀ. ਸੀ. ਕੌਲ, ਪ੍ਰੋ. ਬਲਬੀਰ, ਬਲਦੇਵ ਰਾਜ ਭਾਰਦਵਾਜ, ਮਹਿੰਦਰ ਸੰਧੂ, ਤਿਲਕ ਰਾਜ, ਪਰਮਿੰਦਰ ਸਿੰਘ ਖ਼ੁਤਨ ਅਤੇ ਨਿਰਮਲ ਬਿੰਜੀ ਹਾਜ਼ਰ ਸਨ।

**ਬਲਦੇਵ ਰਾਜ ਭਾਰਦਵਾਜ**
**ਜਨਰਲ ਸਕੱਤਰ**
**ਅੰਬੇਡਕਰ ਮਿਸ਼ਨ**
**ਸੁਸਾਇਟੀ ਪੰਜਾਬ (ਰਜਿ.)**

for more news visit:
www.samajweekly.com

## ਇਲਾਕੇ ਦੀਆਂ ਕਿਸਾਨ ਜੱਥੇਬੰਦੀਆਂ ਨੇ ਸ਼ਾਂਤਮਈ ਢੰਗ ਨਾਲ ਪੰਜਾਬ ਬੰਦ ਨੂੰ ਬਣਾਇਆ ਸਫਲ



**ਫਿਲੌਰ/ਅੱਪਰਾ (ਦੀਪਾ)-** ਕਿਸਾਨ ਜਥੇਬੰਦੀਆਂ ਵਲੋਂ ਆਪਣੀਆਂ ਹੱਕੀ ਮੱਗਾਂ ਲਈ ਕਈ ਦਿਨ ਪਹਿਲਾਂ ਤੋਂ ਹੀ ਪੰਜਾਬ ਬੰਦ ਦੀ ਕਾਲ ਦਿੱਤੀ ਗਈ ਸੀ । ਇਸ ਨੂੰ ਸਫਲ ਬਣਾਉਣ ਲਈ ਸਮੂਹ ਕਿਸਾਨ ਜੱਥੇਬੰਦੀਆਂ ਨੇ ਇਲਾਕੇ ਦੀਆਂ ਦੁਕਾਨਾਂ, ਜਲੰਧਰ ਤੇ ਗੋਰਾਇਆ ਰੇਲਵੇ ਫਾਟਕ ਤੇ ਜਲੰਧਰ ਹਾਈਵੇਅ ਨੂੰ ਬੜੇ ਹੀ ਸ਼ਾਂਤਮਈ ਢੰਗ ਨਾਲ ਬੰਦ ਕਰਵਾਇਆ ਗਿਆ । ਇਸ ਮੌਕੇ ਇਲਾਕੇ ਦੀਆਂ ਕਿਸਾਨ ਜੱਥੇਬੰਦੀਆਂ ਦੇ ਆਗੂਆਂ ਤੇ ਮੋਹਤਬਰਾਂ ਨੇ ਕਿਹਾ ਕਿ ਦੁਕਾਨਦਾਰਾਂ ਨੇ ਵੀ ਬੰਦ ਨੂੰ ਸਫਲ ਬਣਾਉਣ 'ਚ ਕਿਸਾਨ ਵੀਰਾਂ ਦਾ ਭਰਪੂਰ ਸਹਿਯੋਗ ਦਿੱਤਾ ਹੈ । ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਸਮੂਹ ਅਹੁਦੇਦਾਰਾਂ ਨੇ ਬੋਲਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੂੰ ਆਪਣਾ ਅੜੀਅਲ ਰਵੱਈਆ ਤਿਆਗ ਕੇ ਕਿਸਾਨਾਂ ਦੀਆਂ ਮੰਗਾਂ ਨੂੰ ਮੰਨ ਲੈਣਾ ਚਾਹੀਦਾ ਹੈ, ਜੋ ਕਿ ਦੇਸ਼ ਦੇ ਹਿੱਤ 'ਚ ਹੋਵੇਗਾ । ਇਸ ਮੌਕੇ ਪ੍ਰਧਾਨ ਤਵਿੰਦਰ ਸਿੰਘ, ਕੁਲਦੀਪ ਸਿੰਘ ਜੌਹਲ ਪੰਚਾਇਤ ਮੈਂਬਰ, ਅਮਰਜੀਤ ਸਿੰਘ ਕਟਾਣਾ, ਜਸਵਿੰਦਰ ਸਿੰਘ ਪੀਟਾ, ਅਮਰਜੀਤ ਸਿੰਘ ਬੰਸੀਆਂ, ਬਲਤੇਜ ਸਿੰਘ, ਦਾਰਾ ਸਿੰਘ ਸਮਰਾੜੀ, ਇੰਦਰਪਾਲ ਸਿੰਘ ਜੌਹਲ, ਸੁਖਪ੍ਰੀਤ ਸਿੰਘ ਜੌਹਲ ਤੇ ਹੋਰ ਕਿਸਾਨ ਵੀਰ ਹਾਜ਼ਰ ਸਨ ।

## ਸਾਲ ਦੇ ਆਖ਼ਰੀ ਦਿਨ ਬਹੁਤ ਤਕਲੀਫ ਦਿੰਦੇ ਹਨ

2021 ਦੇ ਆਖ਼ਰੀ ਦਿਨਾਂ 'ਚ ਦਿਲ ਨੂੰ ਖ਼ੋਹ ਜਿਹੀ ਪੈਂਦੀ ਸੀ, ਕਿ ਕੁੱਝ ਬੁਰਾ ਹੋਣ ਵਾਲਾ, ਮੈਂ 2022 ਨੂੰ ਕਹਿ ਰਹੀ ਸੀ, "ਬਾਈ ਬਣ ਕੇ ਚੰਗਾ ਚੜ੍ਹੀ"। 2022 ਨਵੇਂ ਸਾਲ ਤੇ ਵਧਾਈ ਦੇਣ ਨਾਲੋਂ ਦੁਆਵਾਂ ਜਿਆਦਾ ਕਰ ਰਹੀ ਸੀ। ਮਾਂ ਨੇਂ ਨਵੇਂ ਸਾਲ ਦੀ ਵਧਾਈ ਦਿੱਤੀ, ਦੁਆਵਾਂ ਦਿਤੀਆਂ ਤੇ 3ਜਨਵਰੀ ਨੂੰ ਉਹ ਦੁਨੀਆਂ ਛੱਡ ਗਈ। ਸਾਲ ਦੇ ਆਖ਼ਰੀ ਦੋ ਦਿਨ ਅੱਜ ਵੀ ਓਹੀ ਖ਼ੋਹ ਪੈਂਦੀ ਹੈ। ਅੱਜ ਵੀ ਦੁਆਵਾਂ ਕਰਦੀ ਹਾਂ, ਕਿਸੇ ਦਾ ਆਪਣਾ ਨਾ ਵਿਛੜੇ, ਹੋਰ ਦੁੱਖ -ਸੁੱਖ ਚੱਲਦੇ ਰਹਿੰਦੇ ਹਨ। ਜ਼ਿੰਦਗੀ ਚੱਲ ਰਹੀ ਹੈ, ਬਹੁਤ ਕੁਝ ਹਾਸਿਲ ਕਰ ਲਿਆ ਪਰ ਮਾਂ ਨਹੀਂ ਜਿਸ ਨੂੰ ਖੁਸ਼ ਹੋ ਕੇ ਦੱਸਾਂ। ਤਰੱਕੀਆਂ ਵੀ ਖੁਸ਼ੀ ਨਹੀਂ ਦਿੰਦੀਆਂ ਜਦੋ ਅੰਦਰ ਪੀੜ੍ਹ ਹੋਵੇ। ਮੈਂ ਸਭ ਕੁਝ ਹਾਸਿਲ ਕਰ ਲੈਣਾ, ਬਸ ਇੱਕ ਤੂੰ ਹੀ ਮਿਲਣਾ ਨਹੀਂ।



**ਦਿਲਪ੍ਰੀਤ ਕੌਰ ਗੁਰੀ**

# ਅਧਿਆਪਕ ਦੀ ਕਸੌਟੀ ਤੇ ਖਰਾ ਉੱਤਰਨ ਵਾਲਾ ਬਲਬੀਰ ਚੰਦ - ਲੌਂਗੋਵਾਲ

**ਦਿੜਬਾ ਮੰਡੀ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਉਹ ਕਿਹੜਾ ਦਿਨ ਹੈ ਜਿਸ ਦਿਨ ਬਲਬੀਰ ਚੰਦ ਦੇ ਹੱਥ ਵਿੱਚ ਝੰਡਾ ਨਾ ਹੋਵੇ ਜਾਂ ਉਸ ਦੇ ਹੱਥ ਵਿੱਚ ਕਿਤਾਬ ਨਾ ਹੋਵੇ ਜੇਕਰ ਬਲਬੀਰ ਦੇ ਹੱਥ ਵਿੱਚ ਝੰਡਾ ਹੈ ਤਾਂ ਮੰਨੋ ਕਿ ਉਹ ਕਿਸੇ ਦੇ ਹਿੱਤਾਂ ਦੀ ਰਾਖੀ ਲਈ ਜਾਂ ਕਿਸੇ ਬੇਨਸਾਫੀ ਦੇ ਵਿਰੁੱਧ ਜੂਝ ਰਿਹਾ ਹੈ। ਜੇਕਰ ਕਿਤਾਬ ਹੈ ਤਾਂ ਫਿਰ ਉਹ ਵਿਦਿਆਰਥੀਆਂ ਦੇ ਭਵਿੱਖ ਨੂੰ ਰੁਸ਼ਨਾਉਣ ਦੇ ਲਈ ਜੱਦੋ ਜਹਿਦ ਕਰ ਰਿਹਾ ਹੈ। ਭਾਵੇਂ ਅੱਜ ਦੇ ਖੁਦਗਰਜ਼ ਸਮਾਜ ਵਿੱਚ ਹਰ ਵਿਅਕਤੀ ਆਪਣੇ ਲਈ ਜਿਉਂ ਰਿਹਾ ਹੈ ਪਰੰਤੂ ਜੇਕਰ ਬਲਬੀਰ ਦੀ ਗੱਲ ਕੀਤੀ ਜਾਵੇ ਤਾਂ ਉਸ ਨੇ ਕਦੇ ਵੀ ਆਪਣੇ ਲਈ ਕੁੱਝ ਨਹੀਂ ਕੀਤਾ, ਜੋ ਕੁਝ ਵੀ ਕੀਤਾ ਤਾਂ ਉਹ ਵਿਦਿਆਰਥੀਆਂ ਜਾਂ ਅਧਿਆਪਕਾਂ ਜਾਂ ਸਮਾਜ ਦੇ ਹਿੱਤਾਂ ਲਈ ਕੀਤਾ। ਜੇਕਰ ਇਹ ਕਿਹਾ ਜਾਵੇ ਕਿ ਸੱਚਮੁੱਚ ਹੀ ਅਧਿਆਪਕ ਦੀ ਕਸੌਟੀ ਤੇ ਪੂਰਾ ਉਤਰਦਾ ਹੈ "ਬਲਬੀਰ ਚੰਦ ਲੌਂਗੋਵਾਲ" ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।ਬਲਬੀਰ ਚੰਦ ਦਾ ਜਨਮ ਮਾਤਾ ਭਾਗਵੰਤੀ ਦੀ ਕੁੱਖੋਂ ਪੰਡਿਤ ਤਿਲਕਰਾਮ ਦੇ ਘਰ 13- 12-1966 ਨੂੰ ਪਿੰਡ ਲੌਂਗੋਵਾਲ ਵਿਖੇ ਹੋਇਆ। ਬ੍ਰਾਹਮਣ ਪਰਿਵਾਰ ਵਿੱਚ ਜਨਮੇ ਹੋਣ ਕਰਕੇ ਅਧਿਆਤਮਵਾਦ ਦੀ ਗੁੜਤੀ ਵਿਰਸੇ ਵਿੱਚੋਂ ਮਿਲੀ। ਇਸ ਸਮੇਂ ਜਾਤ ਪਾਤ,ਅੰਧ ਵਿਸ਼ਵਾਸ ਵਰਗੀਆਂ ਕੁਰੀਤੀਆਂ ਜਿਹੜੀਆਂ ਸਮਾਜ ਨੂੰ ਇੱਕ ਘੁਣ ਵਾਂਗ ਖਾ ਰਹੀਆਂ ਸਨ, ਇਹਨਾਂ ਤੋਂ ਸਮਾਜ ਨੂੰ ਛੁਟਕਾਰਾ ਪਵਾਉਣ ਦੇ ਲਈ ਆਪ ਨੇ ਤਰਕਸ਼ੀਲ ਸੋਚ ਨੂੰ ਅਪਣਾ ਲਿਆ ਅਤੇ ਸਮਾਜ ਦੇ ਵਿੱਚੋਂ ਇਸ ਹਨੇਰੇ ਨੂੰ ਦੂਰ ਕਰਨ ਦੇ ਲਈ ਆਪਣੇ ਸਾਥੀਆਂ ਨਾਲ ਜੱਦੋ ਜਹਿਦ ਸ਼ੁਰੂ ਕੀਤੀ। ਸ਼ੁਰੂਆਤੀ ਦੌਰ ਦੇ ਵਿੱਚ ਮੁੱਢਲੀ ਸਿੱਖਿਆ ਸ਼ਹੀਦ ਭਾਈ ਮਤੀ ਦਾਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੌਂਗੋਵਾਲ ਤੋਂ ਪ੍ਰਾਪਤ ਕਰਨ ਉਪਰੰਤ ਬੀ ਏ, ਐਮ ਏ, ਬੀ ਐਡ ਅਤੇ ਹੋਰ ਬਹੁਤ ਸਾਰੀਆਂ ਵਿਦਿਅਕ ਯੋਗਤਾਵਾਂ ਪ੍ਰਾਪਤ ਕਰਕੇ ਸਿੱਖਿਆ ਵਿਭਾਗ ਵਿੱਚ ਮਿਤੀ 31-03-1994 ਨੂੰ ਬਤੌਰ ਪੰਜਾਬੀ ਮਾਸਟਰ ਸੇਵਾ ਸੰਭਾਲ ਲਈ ।ਉਹਨਾਂ ਨੇ ਸਭ ਤੋਂ ਪਹਿਲਾਂ ਇਹ ਸੇਵਾ ਸ ਸ ਸ ਸ ਛਾਜਲੀ , ਸ ਮਿ ਸਕੂਲ ਲੋਹਾਖੇੜਾ,ਸ ਸ ਸ ਸ ਸਕੂਲ ਲੌਂਗੋਵਾਲ ਵਿੱਚ ਨਿਭਾਈ ਅਤੇ ਨਾਲ ਨਾਲ ਆਪਣੀ ਵਿੱਦਿਅਕ ਯੋਗਤਾ ਵਿੱਚ ਵਾਧਾ ਵੀ ਕਰਦੇ ਰਹੇ। ਆਪਣੇ ਪਿੰਡ ਲੌਂਗੋਵਾਲ ਦੇ ਨੌਜਵਾਨਾਂ ਨੂੰ ਸਾਹਿਤ ਅਤੇ ਕਲਮ ਦੇ ਨਾਲ ਜੋੜਨ ਦੇ ਇਰਾਦੇ ਨਾਲ ਆਪ ਨੇ ਜੁਝਾਰ ਲੌਂਗੋਵਾਲ, ਵਿਜੈ ਕੁਮਾਰ ਗੋਇਲ,ਹੋਰਾਂ ਨੂੰ ਨਾਲ ਲੈ ਕੇ ਪ੍ਰਗਤੀਸ਼ੀਲ ਵਿਚਾਰ ਮੰਚ ਦੀ ਸਥਾਪਨਾ ਕੀਤੀ ਅਤੇ ਬਹੁਤ ਸਾਰੇ ਨਾਮਵਰ ਲੇਖਕਾਂ ਸਵਰਗੀ ਸੁਰਜੀਤ ਪਾਤਰ ਵਰਗੇ ਸ਼ਾਇਰਾਂ ਦੇ ਰੂਬਰੂ ਕਰਾ ਕੇ ਉਹਨਾਂ ਨੂੰ ਚੰਗੀ ਚੇਟਕ ਲਾਉਣ ਦਾ ਤਹੱਈਆ ਕੀਤਾ। ਇਸ ਸਮੇਂ ਦੌਰਾਨ ਅਧਿਆਪਕਾਂ ਦੀ ਜੁਝਾਰੂ ਜਥੇਬੰਦੀ ਡੈਮੋਕਰੇਟਿਕ ਟੀਚਰ ਫਰੰਟ ਦੇ ਨਾਲ ਵੀ ਮੋਢੇ ਨਾਲ ਮੋਢਾ ਮਿਲਾ ਕੇ ਚੱਲ ਪਏ ਤਾਂ ਜੋ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਹਿੱਤਾਂ ਨੂੰ ਸੁਰੱਖਿਤ ਰੱਖਿਆ ਜਾ ਸਕੇ ਅਤੇ ਸਮਾਜ ਨੂੰ ਨਰੋਆ ਅਤੇ ਤੰਦਰੁਸਤ ਬਣਾਇਆ ਜਾ ਸਕੇ।ਸਾਲ 2008 ਵਿੱਚ ਆਪ





ਨੂੰ ਤਰੱਕੀ ਦੇ ਕੇ ਅੰਗਰੇਜ਼ੀ ਵਿਸ਼ੇ ਦਾ ਲੈਕਚਰਾਰ ਬਣਾਇਆ ਗਿਆ ਤੇ ਮੰਨਵੀ ਸਕੂਲ ਭੇਜ ਦਿੱਤਾ।ਇਸ ਤੋਂ ਬਾਅਦ ਡਾਈਟ ਸੰਗਰੂਰ ਵਿਖੇ ਆ ਕੇ ਆਪਣੀਆਂ ਸੇਵਾਵਾਂ ਸ਼ੁਰੂ ਕੀਤੀਆਂ। ਡਾਈਟ ਸੰਗਰੂਰ ਵਿਖੇ ਜਿਹੜੀਆਂ ਸੇਵਾਵਾਂ ਬਲਬੀਰ ਨੇ ਦਿੱਤੀਆਂ, ਉਹ ਆਪਣੇ ਆਪ ਵਿੱਚ ਕਾਬਿਲੇ ਤਾਰੀਫ ਹਨ।ਇਥੇ ਕਿੰਨੇ ਹੀ ਅਧਿਆਪਕ ਬਣਨ ਵਾਲੇ ਵਿਦਿਆਰਥੀਆਂ ਨੂੰ ਤਰਕਸ਼ੀਲ, ਫਰਜ਼ਾਂ ਪ੍ਰਤੀ ਸੁਚੇਤ ਕਰਨ ਦਾ ਕਾਰਜ ਬਾਖੂਬੀ ਕੀਤਾ ਅਤੇ ਕਿੰਨੇ ਹੀ ਸੁਹਿਰਦ ਅਧਿਆਪਕ ਬਲਬੀਰ ਨੇ ਸਿੱਖਿਆ ਵਿਭਾਗ ਨੂੰ ਦਿੱਤੇ ਹਨ।ਇਥੇ ਵੀ ਅਧਿਆਪਕ ਸੰਘਰਸ਼ਾਂ ਲਈ ਜੂਝਣ ਦੇ ਇਵਜ ਵਿੱਚ ਵਿਭਾਗ ਵੱਲੋਂ ਕੋਝੀਆਂ ਕਾਰਵਾਈਆਂ ਦਾ ਮੂੰਹਤੋੜ ਜਵਾਬ ਦੇਣ ਦਾ ਸੁਭਾਗ ਪ੍ਰਾਪਤ ਹੋਇਆ।ਇਸ ਤੋਂ ਬਾਅਦ ਸ ਸ ਸ ਸ ਨਮੋਲ ਵਿਖੇ ਹਾਜ਼ਰ ਹੋ ਕੇ ਪੇਂਡੂ ਵਿਦਿਆਰਥੀਆਂ ਨੂੰ ਜੀਵਨ ਜਾਚ ਦਾ ਕਾਰਜ ਸ਼ੁਰੂ ਕੀਤਾ।ਅਧਿਆਪਨ ਦੇ ਸ਼ਾਨਦਾਰ ਕਾਰਜ ਦੇ ਨਾਲ ਨਾਲ ਲੌਂਗੋਵਾਲ ਵਿਖੇ ਦੇਸ਼ ਭਗਤ ਯਾਦਗਾਰ ਹਾਲ ਦੀ ਉਸਾਰੀ ਅਤੇ ਹਰ ਸਾਲ ਗ਼ਦਰੀ ਬਾਬਿਆਂ ਨੂੰ ਸਮਰਪਿਤ ਨਾਟਕ ਮੇਲਾ ਕਰਵਾਉਣ ਦਾ ਉਪਰਾਲਾ ਆਪਣੇ ਆਪ ਵਿੱਚ ਬੇਮਿਸਾਲ ਹੈ, ਜਿਸਨੂੰ ਇਲਾਕੇ ਦੇ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਕੋਰੋਨਾ ਕਾਲ ਤੋਂ ਬਾਅਦ ਵਿਦਿਆਰਥੀਆਂ ਲਈ ਵਿੱਦਿਅਕ ਯਾਤਰਾਵਾਂ ਲਈ ਜਿਹੜਾ ਸੰਘਰਸ਼ ਬਲਬੀਰ ਦੀ ਅਗਵਾਈ ਵਿੱਚ ਹੋਇਆ,ਉਹ ਕਿਸੇ ਅਧਿਆਪਕ ਤੋਂ ਭੁੱਲਿਆ ਨਹੀਂ। ਭਾਵੇਂ ਇਸ ਸੰਘਰਸ਼ ਲਈ ਕਾਫ਼ੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਪ੍ਰੰਤੂ ਉਸ ਸੰਘਰਸ਼ ਦੀ ਬਦੌਲਤ ਅੱਜ ਵੀ ਵਿਦਿਆਰਥੀ ਵਿੱਦਿਅਕ ਯਾਤਰਾਵਾਂ ਤੇ ਜਾ ਕੇ ਆਪਣੇ ਆਪ ਨੂੰ ਸਮੇਂ ਦਾ ਹਾਣੀ ਬਣਾ ਰਹੇ ਹਨ। ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਹਿੱਤਾਂ ਦੀ ਰਾਖੀ ਲਈ ਜਿਥੇ ਬਲਬੀਰ ਆਪਣੇ ਕੀਮਤੀ ਸਮੇਂ ਨੂੰ ਲੋਕਾਂ ਪ੍ਰਤੀ ਸਮਰਪਿਤ ਕਰ ਰਿਹਾ ਹੈ, ਉਥੇ ਹੀ ਬਹੁਤ ਸਾਰੀਆਂ ਕਿਤਾਬਾਂ ਲਿਖ ਕੇ ਅਤੇ ਅਨੁਵਾਦ ਕਰ ਕੇ ਪਾਠਕਾਂ ਦੀ ਝੋਲੀ ਪਾ ਰਿਹਾ ਹੈ। ਇਸ ਦੇ ਨਾਲ ਨਾਲ ਬਲਬੀਰ ਦੀ ਅਗਵਾਈ ਅਤੇ ਸਮਰਪਿਤ ਭਾਵਨਾ ਨੂੰ ਦੇਖਦੇ ਹੋਏ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦਾ ਸੂਬਾ ਸਕੱਤਰ ਬਣਾਇਆ ਤਾਂ ਜ਼ੋ ਅਧਿਆਪਕਾਂ ਨੂੰ ਉਹਨਾਂ ਦੇ ਹੱਕਾਂ ਅਤੇ ਫਰਜ਼ਾਂ ਪ੍ਰਤੀ ਸੁਚੇਤ ਕੀਤਾ ਜਾ ਸਕੇ। ਬਲਬੀਰ ਸਮਾਜ ਲਈ ਕੁਝ ਨਵਾਂ ਕਰਨ ਲਈ ਬਹੁਤ ਸਾਰੀਆਂ ਸੰਸਥਾਵਾਂ ਦੇ ਗਠਨ ਵਿੱਚ ਮੋਹਰੀ ਰੋਲ ਅਦਾ ਕਰ ਰਿਹਾ ਹੈ ਜਿਹਨਾਂ ਵਿੱਚ ਲੌਂਗੋਵਾਲ ਸਾਹਿਤ ਸਭਾ 1990, ਪ੍ਰਗਤੀਸ਼ੀਲ ਵਿਚਾਰ ਮੰਚ 1995, ਪ੍ਰਗਤੀਸ਼ੀਲ ਸਾਇਸ ਕਲੱਬ, ਤਰਕਸ਼ੀਲ ਸੁਸਾਇਟੀ ਪੰਜਾਬ, ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ, ਦੇਸ਼ ਭਗਤ ਯਾਦਗਾਰ, ਲੌਂਗੋਵਾਲ, ਨਸ਼ਾ ਵਿਰੋਧੀ ਫ਼ਰੰਟ, ਸ਼ਹੀਦ ਭਗਤ ਸਿੰਘ ਮੋਟਰ ਸਾਈਕਲ ਰੇਹੜੀ ਯੂਨੀਅਨ ਲੌਂਗੋਵਾਲ, ਹਸਪਤਾਲ ਬਚਾਓ ਐਕਸ਼ਨ ਕਮੇਟੀ, ਲੌਂਗੋਵਾਲ ਪ੍ਰਮੁੱਖ ਹਨ।ਇਸ ਦੇ ਨਾਲ ਵਿਦਿਆਰਥੀਆਂ ਅੰਦਰ ਮੁਕਾ-ਬਲੇ ਦੀ ਭਾਵਨਾ ਪੈਦਾ ਕਰਨ ਲਈ ਹਰ ਸਾਲ ਵਜ਼ੀਫ਼ਾ ਪ੍ਰੀਖਿਆ ਦਾ ਆਯੋਜਨ ਪਿਛਲੇ ਕਿੰਨੇ ਸਾਲਾਂ ਤੋਂ ਸਫਲਤਾ ਪੂਰਵਕ ਬਲਬੀਰ ਦੀ ਅਗਵਾਈ ਵਿੱਚ ਕੀਤਾ ਜਾ ਰਿਹਾ ਹੈ। ਜਿਥੇ ਬਲਬੀਰ ਨੇ ਸਿੱਖਿਆ ਵਿਭਾਗ ਵਿੱਚ ਸੇਵਾ ਨਿਭਾਉਂਦਿਆਂ ਸਮਾਜ ਲਈ ਐਨਾ ਕੁਝ ਕੀਤਾ,ਉਥੇ ਆਪਣੀ ਧਰਮਪਤਨੀ ਸ਼੍ਰੀਮਤੀ ਸੰਤੋਸ਼ ਰਾਣੀ (ਸੇਵਾ ਮੁਕਤ ਅਧਿਆਪਕ) ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਆਪਣੇ ਬੱਚਿਆਂ ਨੂੰ ਵਧੀਆ ਸਿੱਖਿਆ ਮੁੱਹਈਆ ਕਰਵਾਉਣ ਲਈ ਤੱਤਪਰ ਰਹੇ ਜਿਸਦੀ ਬਦੌਲਤ ਬੇਟੀ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਤੋਂ ਪੀ ਐਚ ਡੀ ਕਰ ਚੁੱਕੀ ਹੈ ਤੇ ਬੇਟਾ ਬੰਗਲੌਰ ਵਿਖੇ ਮਲਟੀ ਨੈਸ਼ਨਲ ਕੰਪਨੀ ਵਿੱਚ ਇੰਜੀਨੀਅਰ ਵਜੋਂ ਸੇਵਾ ਨਿਭਾਅ ਰਿਹਾ ਹੈ। ਬਲਬੀਰ ਲਈ ਲਿਖਣ ਨੂੰ ਤਾਂ ਅਜੇ ਹੋਰ ਬਹੁਤ ਹੈ,ਪ੍ਰੰਤੂ ਇਸ ਤੋਂ ਅੱਗੇ ਸ਼ਬਦ ਤੇ ਕਲ਼ਮ ਦੋਵੇਂ ਥੱਕ ਚੁੱਕੇ ਹਨ। ਵਿਭਾਗੀ ਨਿਯਮਾਂ ਅਨੁਸਾਰ ਬਲਬੀਰ ਚੰਦ ਅੱਜ ਮਿਤੀ 31ਦਸੰਬਰ 2024 ਨੂੰ ਸ ਸ ਸ ਸ ਨਮੋਲ (ਸੰਗਰੂਰ) ਤੋਂ ਸੇਵਾ ਮੁਕਤ ਹੋ ਰਿਹਾ ਹੈ ਪ੍ਰੰਤੂ ਸਾਡਾ ਇਹ ਪੂਰਨ ਵਿਸ਼ਵਾਸ ਹੈ ਕਿ ਇਸ ਤੋਂ ਬਾਅਦ ਵੀ ਬਲਬੀਰ ਆਪਣੀਆਂ ਸ਼ਾਨਦਾਰ ਸੇਵਾਵਾਂ ਸਮਾਜ ਦੇ ਲੋੜਵੰਦ ਲੋਕਾਂ ਲਈ ਦਿੰਦਾ ਰਹੇਗਾ ਜੋ ਤੰਦਰੁਸਤ ਸਮਾਜ ਦੀ ਸਿਰ-ਜਣਾ ਲਈ ਵਰਦਾਨ ਸਾਬਤ ਹੋਣਗੀਆਂ।

# ਚਾਰ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ ਪਿੰਡ ਜਰਖੜ ਵਿਖੇ ਸੰਗਤਾਂ ਲਈ ਲੰਗਰ ਲਾਇਆ ਗਿਆ

**ਲੁਧਿਆਣਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਅਨੰਦਪੁਰ ਸਾਹਿਬ ਤੋਂ ਚੱਲੇ ਦਸਮੇਸ਼ ਪਿਤਾ ਅਤੇ ਚਾਰ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ ਅਲੌਕਿਕ ਨਗਰ ਕੀਰਤਨ ਦੀਆਂ ਸੰਗਤਾਂ ਦੀ ਸੇਵਾ ਵਜੋਂ ਪਿੰਡ ਜਰਖੜ ਵਿਖੇ ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਇੱਕ ਵਿਸ਼ਾਲ ਗਰਮ ਦੁੱਧ ਤੇ ਪਕੌੜਿਆਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਜੋ ਵੀ ਸੰਗਤਾਂ ਧਾਰਮਿਕ ਜੋੜ ਮੇਲਿਆਂ ਦੀ ਯਾਤਰਾ ਲਈ ਗੁਰਦੁਆਰਾ ਆਲਮਗੀਰ ਸਾਹਿਬ ਵਾਸਤੇ ਗੁਜਰਦੀਆਂ ਹਨ । ਉਹਨਾਂ ਦੇ ਸਵਾਗਤ ਲਈ





ਪਿੰਡ ਜਰਖੜ ਨਿਵਾਸੀਆਂ ਨੇ ਸੰਗਤਾਂ ਦੀ ਹਰ ਸਹੂਲਤ ਲਈ ਵਿਸ਼ੇਸ਼ ਪ੍ਰਬੰਧ ਕੀਤਾ ਹੋਇਆ ਹੈ। ਇਸ ਮੌਕੇ ਜਿੱਥੇ ਧਾਰਮਿਕ ਗਾਇਨ, ਬਾਣੀ ਦਾ ਸਿਮਰਨ ਹੋਇਆ ,ਉੱਥੇ ਸੰਗਤਾਂ ਨੇ ਬਹੁਤ ਹੀ ਸ਼ਰਧਾ ਤੇ ਸਤਿਕਾਰ ਦੇ ਨਾਲ ਲੰਗਰ ਪਾਣੀ ਛਕਿਆ। ਇਸ ਮੌਕੇ ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਸਰਪੰਚ ਸੰਦੀਪ ਸਿੰਘ ਜਰਖੜ, ਸਾਬਕਾ ਸਰਪੰਚ ਬਲਜਿੰਦਰ ਸਿੰਘ ਜਰਖੜ, ਡਾਕਟਰ ਜਗਜੀਤ ਸਿੰਘ, ਸੁਖਰਾਜ ਸਿੰਘ ਬੀਤਾ, ਚਰਨਜੀਤ ਸਿੰਘ ਚੰਨੀ, ਸਿੰਦਰਪਾਲ ਸਿੰਘ ਗਗੜੀ ,ਗੁਰਮੀਤ ਸਿੰਘ ਗੀਤੀ, ਰਘਬੀਰ ਸਿੰਘ, ਹਰਪ੍ਰੀਤ ਸਿੰਘ ਕਾਲਾ, ਵਿੱਕੀ ਜਰਖੜ, ਸੁਖਵਿੰਦਰ ਸਿੰਘ ਨੋਨਾ, ਭੁਪਿੰਦਰ ਸਿੰਘ, ਕੰਡਕਟਰ ਮੁਖਤਿਆਰ ਸਿੰਘ , ਸੁਖਪ੍ਰੀਤ ਸਿੰਘ ਸੁੱਖੀ, ਗੁਰਦੇਵ ਸਿੰਘ ਜਰਖੜ, ਸਵਰਨ ਸਿੰਘ ਘੋਲਾ, ਹਰਪ੍ਰੀਤ ਸਿੰਘ ਜਰਖੜ ,ਹਰਜਿੰਦਰ ਸਿੰਘ ਬਿੱਟੂ ਕੇਕੇ ਜਰਖੜ, ਹਰਜੀਤ ਸਿੰਘ ਮਿੱਠੂ, ਸਪਿੰਦਰ ਸਿੰਘ, ਗੁਰਸੇਵਕ ਸਿੰਘ,ਅਮਰੀਕ ਸਿੰਘ ਡੰਗੋਰਾ, ਅਮਰੀਕ ਸਿੰਘ ਜਰਖੜ, ਜਸਪ੍ਰੀਤ ਸਿੰਘ ਜੱਸੀ ਆਦਿ ਹੋਰ ਪ੍ਰਬੰਧਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ ਇਸ ਮੌਕੇ ਸੁੱਖਵਿੰਦਰ ਸਿੰਘ ਸੁੱਖਾ ਜਰਖੜ ਨੇ ਸਾਰੇ ਲੰਗਰ ਹਾਲ ਵਾਸਤੇ ਲਾਈਟਾਂ ਦਾ ਫਰੀ ਪ੍ਰਬੰਧ ਕੀਤਾ। ਸਰਪੰਚ ਸੰਦੀਪ ਸਿੰਘ ਜਰਖੜ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਨਰੋਈ ਸਾਹਿਤਕ ਸਿਰਜਣਾ ਲਈ ਨਰੋਆ ਸਾਹਿਤ ਪੜ੍ਹਨਾ ਲਾਜ਼ਮੀ: ਮਨਜੀਤ ਇੰਦਰਾ







**ਸੰਗਰੂਰ, (ਰਮੇਸ਼ਵਰ ਸਿੰਘ)** ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦਾ ਮਹੀਨਾ ਵਾਰ ਸਾਹਿਤਕ ਸਮਾਗਮ ਲੇਖਕ ਭਵਨ ਸੰਗਰੂਰ ਵਿਖੇ ਹੋਇਆ, ਜਿਸ ਵਿੱਚ ਪੰਜਾਬੀ ਦੀ ਸਿਰਮੌਰ ਕਵਿੱਤਰੀ ਮਨਜੀਤ ਇੰਦਰਾ ਨਾਲ ਸਾਹਿਤਕ ਮਿਲਣੀ ਕਰਵਾਈ ਗਈ। ਆਪਣੇ ਜੀਵਨ ਅਤੇ ਲਿਖਣ ਪ੍ਰਕਿਰਿਆ ਸਬੰਧੀ ਯਾਦਾਂ ਸਾਂਝੀਆਂ ਕਰਦਿਆਂ ਉਨ੍ਹਾਂ ਨੇ ਆਪਣੀਆਂ ਕੁੱਝ ਚੋਣਵੀਆਂ ਕਵਿਤਾਵਾਂ ਵੀ ਸੁਣਾਈਆਂ, ਜਿਨ੍ਹਾਂ ਨੂੰ ਹਾਜ਼ਰ ਸਰੋਤਿਆਂ ਨੇ ਮੰਤਰ-ਮੁਗਧ ਹੋ ਕੇ ਸੁਣਿਆ। ਉਨ੍ਹਾਂ ਨੇ ਕਿਹਾ ਕਿ ਨਰੋਈ ਸਾਹਿਤਕ ਸਿਰਜਣਾ ਲਈ ਨਰੋਆ ਸਾਹਿਤ ਪੜ੍ਹਨਾ ਲਾਜ਼ਮੀ ਹੁੰਦਾ ਹੈ। ਸਰੋਤਿਆਂ ਨਾਲ ਉਨ੍ਹਾਂ ਦੀ ਜਾਣ-ਪਛਾਣ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਮੀਤ ਪ੍ਰਧਾਨ ਮੂਲ ਚੰਦ ਸ਼ਰਮਾ ਨੇ ਕਰਵਾਈ। ਸਮਾਗਮ ਵਿੱਚ ਉੱਘੇ ਲੇਖਕ ਪੰਮੀ ਫੱਗੂਵਾਲੀਆ ਦੀ ਖੋਜ ਪੁਸਤਕ 'ਅਸੰਵੇਦਨਸ਼ੀਲਤਾ-ਅਪਾਹਜਤਾ: ਸਮੱਸਿਆ ਅਤੇ ਹੱਲ' ਲੋਕ ਅਰਪਣ ਕੀਤੀ ਗਈ। ਇਸ ਤੋਂ ਪਹਿਲਾਂ ਉਨ੍ਹਾਂ ਦੀਆਂ ਬਾਰਾਂ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਜਿਨ੍ਹਾਂ ਨੂੰ ਸਾਹਿਤਕ ਹਲਕਿਆਂ ਵਿੱਚ ਬੇਹੱਦ ਸਲਾਹਿਆ ਗਿਆ ਹੈ। ਯੂ-ਟਿਊਬ 'ਤੇ ਚਲੰਤ ਮਾਮਲਿਆਂ ਬਾਰੇ ਆਪਣੇ ਗੀਤਕਾਰੀ ਦਾ ਲੋਹਾ ਮਨਵਾਉਣ ਵਾਲੇ ਲੇਖਕ ਅਤੇ ਗਾਇਕ ਕੁਲਵੰਤ ਖਨੌਰੀ ਦਾ ਧਾਰਮਿਕ ਗੀਤ 'ਗੁਜਰੀ ਮਾਂ ਉਡੀਕਦੀ ਏ' ਅਤੇ ਸੁਖਪਾਲ ਸਿੰਘ ਦੋਹਲਾ ਦਾ ਧਾਰਮਿਕ ਗੀਤ 'ਗੋਬਿੰਦ ਦੇ ਹਾਂ ਲਾਲ' ਵੀ ਲੋਕ ਅਰਪਣ ਕੀਤੇ ਗਏ।

ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਨਾਮਵਰ ਲੇਖਿਕਾ ਅਤੇ ਫ਼ਿਲਮ ਅਦਾਕਾਰਾ ਪੁਲਿਸ ਇੰਸਪੈਕਟਰ ਹਰਸ਼ਜੋਤ ਕੌਰ ਨੇ ਮਨਜੀਤ ਇੰਦਰਾ ਦੀ ਸਾਹਿਤਕ ਸਿਰਜਣਾ ਦੀ ਚਰਚਾ ਕਰਦਿਆਂ ਕਿਹਾ ਕਿ ਚੰਗੇ ਸਮਾਜ ਦੇ ਨਿਰਮਾਣ ਲਈ ਚੰਗੇ ਸਾਹਿਤ ਦੀ ਭੂਮਿਕਾ ਅਹਿਮ ਹੈ। ਸਮਾਗਮ ਦੇ ਆਰੰਭ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਭਾਰਤ ਸਰਕਾਰ ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ ਦੇ ਜੀਵਨ ਨੂੰ ਬਚਾਉਣ ਲਈ ਕਿਸਾਨਾਂ ਨਾਲ ਗੱਲਬਾਤ ਸ਼ੁਰੂ ਕਰਨ ਦੀ ਪਹਿਲ ਕਦਮੀ ਕਰੇ। ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਪ੍ਰਸਿੱਧ ਢਾਡੀ ਭਾਈ ਮਹਿੰਦਰ ਸਿੰਘ ਸਿਬੀਆ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸਮਾਗਮ ਉਪਰੰਤ ਡਾ. ਮੀਤ ਖਟੜਾ ਦੀ ਪ੍ਰਧਾਨਗੀ ਵਿੱਚ ਸਭਾ ਦਾ ਜਨਰਲ ਇਜਲਾਸ ਹੋਇਆ, ਜਿਸ ਵਿੱਚ ਸਾਲ 2024-26 ਲਈ ਸਰਬਸੰਮਤੀ ਨਾਲ ਡਾ. ਮੀਤ ਖਟੜਾ ਸਰਪ੍ਰਸਤ, ਕਰਮ ਸਿੰਘ ਜ਼ਖ਼ਮੀ ਪ੍ਰਧਾਨ, ਸੁਖਵਿੰਦਰ ਸਿੰਘ ਲੋਟੇ ਸੀਨੀਅਰ ਮੀਤ ਪ੍ਰਧਾਨ, ਕੁਲਵੰਤ ਖਨੌਰੀ, ਸ਼ਿਵ ਕੁਮਾਰ ਅੰਬਾਲਵੀ ਅਤੇ ਪਰਮਜੀਤ ਕੌਰ ਈਸੀ ਮੀਤ ਪ੍ਰਧਾਨ, ਰਜਿੰਦਰ ਸਿੰਘ ਰਾਜਨ ਜਨਰਲ ਸਕੱਤਰ, ਜਗਜੀਤ ਸਿੰਘ ਲੱਡਾ ਖਜ਼ਾਨਚੀ, ਸਤਪਾਲ ਸਿੰਘ ਲੌਂਗੋਵਾਲ ਸਹਾਇਕ ਖਜ਼ਾਨਚੀ, ਪਵਨ ਕੁਮਾਰ ਹੋਸ਼ੀ ਪ੍ਰੈੱਸ ਸਕੱਤਰ, ਬਹਾਦਰ ਸਿੰਘ ਧੌਲਾ ਦਫ਼ਤਰ ਸਕੱਤਰ, ਗੁਰਮੀਤ ਸਿੰਘ ਸੋਹੀ, ਸੁਰਿੰਦਰਪਾਲ ਸਿੰਘ ਸਿਦਕੀ ਅਤੇ ਭੁਪਿੰਦਰ ਨਾਗਪਾਲ ਸਕੱਤਰ, ਸੁਰਜੀਤ ਸਿੰਘ ਮੌਜੀ, ਪੰਮੀ ਫੱਗੂਵਾਲੀਆ, ਗੋਬਿੰਦ ਸਿੰਘ ਤੂਰਬਨਜਾਰਾ, ਬੱਲੀ ਬਲਜਿੰਦਰ ਈਲਵਾਲ, ਸਰਬਜੀਤ ਸੰਗਰੂਰਵੀ, ਅਸ਼ੋਕ ਭੰਡਾਰੀ ਅਤੇ ਖੁਸ਼ਪ੍ਰੀਤ ਕੌਰ ਕਾਰਜਕਾਰਨੀ ਮੈਂਬਰ ਚੁਣ ਲਏ ਗਏ। ਇਸ ਮੌਕੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਕਵੀ ਦਰਬਾਰ ਵੀ ਹੋਇਆ, ਜਿਸ ਵਿੱਚ ਅਮਰ ਗਰਗ ਕਲਮਦਾਨ, ਜਗਜੀਤ ਸਿੰਘ ਲੱਡਾ, ਸੁਰਿੰਦਰਪਾਲ ਸਿੰਘ ਸਿਦਕੀ, ਰਣਜੀਤ ਆਜ਼ਾਦ ਕਾਂਝਲਾ, ਮੂਲ ਚੰਦ ਸ਼ਰਮਾ, ਪਵਨ ਕੁਮਾਰ ਹੋਸ਼ੀ, ਕੁਲਵਿੰਦਰ ਸਿੰਘ, ਬਹਾਦਰ ਸਿੰਘ ਧੌਲਾ, ਪੰਮੀ ਫੱਗੂਵਾਲੀਆ, ਬਾਲੀ ਰੇਤਗੜ੍ਹ, ਰਜਿੰਦਰ ਸਿੰਘ ਰਾਜਨ, ਰਾਜਦੀਪ ਸਿੰਘ, ਰਾਜ ਰਾਣੀ, ਸੁਖਨਦੀਪ ਕੌਰ, ਮਨਪ੍ਰੀਤ ਕੌਰ, ਬਲਜੀਤ ਸਿੰਘ ਬਾਂਸਲ, ਮਹਿੰਦਰ ਪਾਲ ਪ੍ਰੇਮੀ, ਧਰਮਵੀਰ ਸਿੰਘ, ਜਸਵਿੰਦਰ ਸਿੰਘ ਜੌਲੀ, ਕੁਲਵੰਤ ਖਨੌਰੀ, ਸੁਖਪਾਲ ਸਿੰਘ, ਬਲਦੇਵ ਸਿੰਘ, ਕਰਮ ਸਿੰਘ ਜ਼ਖ਼ਮੀ, ਪਰਮਜੀਤ ਕੌਰ ਈਸੀ, ਸਰਬਜੀਤ ਸੰਗਰੂਰਵੀ, ਗੋਬਿੰਦ ਸਿੰਘ ਤੂਰਬਨਜਾਰਾ, ਮੀਤ ਸਕਰੌਦੀ, ਹਰਸ਼ਜੋਤ ਕੌਰ, ਜੀਤ ਹਰਜੀਤ, ਸ਼ਿੰਦਰਪਾਲ ਸਿੰਘ, ਦਵਿੰਦਰ ਸਿੰਘ, ਅਰਸ਼ਦੀਪ ਕੌਰ, ਖੁਸ਼ਪ੍ਰੀਤ ਕੌਰ, ਸੱਤਦੇਵ ਸ਼ਰਮਾ, ਡਾ. ਮੀਤ ਖਟੜਾ, ਗੁਰਮੀਤ ਸਿੰਘ, ਵੰਧਨਾ ਕੋਹਲੀ, ਵਿਨੀਤ ਕੌਰ, ਨਿਰਮਲ ਕੌਰ, ਸੰਜਨਾ ਕੋਹਲੀ, ਸੁਖਮਨਪ੍ਰੀਤ ਕੌਰ, ਹਰਨੀਤ ਕੌਰ, ਕੁਸ਼ਾਗਰ ਖੁਰਾਣਾ, ਸੰਦੀਪ ਕੌਰ ਸੇਖਲ, ਸ਼ਿਵ ਕੁਮਾਰ ਅੰਬਾਲਵੀ, ਭੁਪਿੰਦਰ ਨਾਗਪਾਲ, ਗੁਰਮੀਤ ਸਿੰਘ ਸੋਹੀ ਅਤੇ ਅਸ਼ੋਕ ਭੰਡਾਰੀ ਆਦਿ ਕਵੀਆਂ ਨੇ ਹਿੱਸਾ ਲਿਆ। ਅੰਤ ਵਿੱਚ ਡਾ. ਮੀਤ ਖਟੜਾ ਨੇ ਸਾਰੇ ਆਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਅਤੇ ਮੰਚ ਸੰਚਾਲਨ ਦੀ ਭੂਮਿਕਾ ਸੁਖਵਿੰਦਰ ਸਿੰਘ ਲੋਟੇ ਨੇ ਬਾਖ਼ੂਬੀ ਨਿਭਾਈ।

# ਸ ਹਰਨੇਕ ਸਿੰਘ ਸਰੀਂਹ ਜੀ ਦੀ ਅੰਤਿਮ ਅਰਦਾਸ ਵਿੱਚ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਆਏ







**ਲੁਧਿਆਣਾ( ਚਰਨਜੀਤ ਸੱਲ੍ਹਾ )** ਜਿਲਾ ਲੁਧਿਆਣਾ ਵਿੱਚ ਅੱਜ ਸੂਬਾ ਪ੍ਰਧਾਨ ਮਾਨਯੋਗ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਵੱਲੋਂ ਸਵ,ਹਰਨੇਕ ਸਿੰਘ ਸਰੀਂਹ ਦੀ ਅੰਤਿਮ ਅਰਦਾਸ ਵਿੱਚ ਹਾਜ਼ਰੀ ਲਗਾਈ ਗਈ ਉਪਰੰਤ ਪੁਰਾਣੇ ਲੀਡਰ ਸਾਹਿਬਾਨਾਂ ਗੁਰਦੀਪ ਸਿੰਘ ਸਿਰਥਲਾ ਜੀ, ਸ੍ਰੀ ਮਲਕੀਤ ਚੰਦ ਜਨਾਗਲ ਐਡਵੋਕੇਟ ਬਲਰਾਜ ਸਿੰਘ ਭੱਟੀ ਜੀ, ਅਤੇ ਜਗਦੇਵ ਸਿੰਘ ਜੱਗੂ ਪੀੜਿਤ ਪਰਿਵਾਰ ਪਿੰਡ ਡੇਲੋਂ ਨਾਲ ਮੁਲਾਕਾਤਾਂ ਕੀਤੀਆਂ ਗਈਆਂ ਔਰ ਕਰੀਮਪੁਰੀ ਸਾਹਿਬ ਵੱਲੋ 2027 ਵਿੱਚ ਪੰਜਾਬ ਅੰਦਰ ਬਹੁਜਨਾਂ ਦੀ ਸਰਕਾਰ ਬਣਾਉਣ ਲਈ ਆਪਣੇ ਵਰਕਰਾਂ ਨੂੰ ਤਕੜੇ ਹੋਕੇ ਸਰਵ ਸਾਂਝੇ ਭਾਇਚਾਰੇ ਨੂੰ ਨੌਜੁਵਾਨਾਂ ਨੂੰ ਨਾਲ ਜੋੜ ਕੇ ਤਕੜੇ ਹੋਕੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਪ੍ਰੇਰਿਤ ਕੀਤਾ ਗਿਆ ਇਸ ਮੌਕੇ ਤੇ ਉਹਨਾਂ ਨਾਲ ਸੂਬਾ ਸਕੱਤਰ ਸ੍ਰੀ ਗੁਰਨਾਮ ਚੌਧਰੀ ਜੀ, ਸੂਬਾ ਸਕੱਤਰ ਸ੍ਰੀ ਬਲਵਿੰਦਰ ਸਿੰਘ ਬਿੱਟਾ ਜੀ, ਜਿਲ੍ਹਾ ਪ੍ਰਧਾਨ ਸ਼੍ਰੀ ਬਲਵਿੰਦਰ ਸਿੰਘ ਜੱਸੀ ਜੀ ਦਿਹਾਤੀ ਪ੍ਰਧਾਨ ਬੂਟਾ ਸਿੰਘ ਸੰਗੋਵਾਲ ਜੀ, ਸਾਬਕਾ ਜਿਲਾ ਪ੍ਰਧਾਨ ਪਰਗਣ ਬਿਲਗਾ ਜੀ, ਜ਼ਿਲਾ ਮੀਡੀਆ ਇਨਚਾਰਜ ਬਿੱਟੂ ਸ਼ੇਰਪੁਰੀ ਜੀ, ਕੁਆਡਰੀਨੇਟਰ ਸੁਰੇਸ਼ ਸੋਨੂ ਜੀ ਹਲਕਾ ਪੂਰਵੀ ਪ੍ਰਧਾਨ ਰਜਿੰਦਰ ਨਿੱਕਾ ਜੀ ਹਲਕਾ ਗਿੱਲ ਪ੍ਰਧਾਨ ਕੁਲਵੰਤ ਸਿੰਘ ਘਵੱਦੀ ਜੀ ਅਤੇ ਚਰਨ ਸਿੰਘ ਜਸਪਾਲ ਬਾਂਗਰ ਜੀ।

# ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਚਾਨਕ ਮੌਤ ਹੋਣ ਕਾਰਨ ਰੰਗਾ ਰੰਗਾ ਪ੍ਰੋਗਰਾਮ ਹੈਲੋ ਹੈਲੋ 2025 ਦਾ ਸਮਾਂ 2 ਜਨਵਰੀ ਰਾਤ 10ਵਜੇ ਤੋਂ ਲੈਕੇ 11ਵਜੇ ਤੱਕ ਦਾ ਕੀਤਾ ਗਿਆ



**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਮੈਂ ਤੁਹਾਡਾ ਆਪਣਾ ਪੰਜਾਬੀ ਗਾਇਕ ਅਤੇ ਨਿਰਦੇਸ਼ਕ ਅਮਰੀਕ ਮਾਇਕਲ ਜਾਣਕਾਰੀ ਦਿੰਦਿਆ ਬਹੁਤ ਅਫਸੋਸ ਨਾਲ ਦਸਣਾ ਪੈ ਰਿਹਾ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੀ ਦੀ ਅਚਾਨਕ ਮੌਤ ਹੋਣ ਕਾਰਨ ਦੂਰਦਰਸ਼ਨ ਜਲੰਧਰ ਕੇਂਦਰ ਦੇ ਜਿੰਨੇ ਵੀ ਨਵੇਂ ਸਾਲ ਦੀ ਖੁਸ਼ੀ ਵਿੱਚ ਪ੍ਰੋਗਰਾਮ ਕਿਤੇ ਜਾ ਰਹੇ ਸੀ ਚਾਹੇ ਓਹ ਦੂਰਦਰਸ਼ਨ ਜਲੰਧਰ ਕੇਂਦਰ ਦਾ ਨਿੱਜੀ ਪ੍ਰੋਗਰਾਮ ਹੀ ਸੀ ਸਭ ਦਾ ਸਮਾਂ ਬਦਲ ਦਿੱਤਾ ਗਿਆ। ਰੰਗਾ ਰੰਗ ਪ੍ਰੋਗਰਾਮ ਹੈਲੋ ਹੈਲੋ 2025 ਦਾ ਸਮਾਂ 1ਜਨਵਰੀ ਦੀ ਬਜਾਏ 2 ਜਨਵਰੀ ਰਾਤ 10 ਵਜੇ ਤੋਂ ਲੈਕੇ 11 ਵਜੇ ਤੱਕ ਚਲੇਗਾ। ਦੂਰਦਰਸ਼ਨ ਜਲੰਧਰ ਦਾ ਨਿੱਜੀ ਪ੍ਰੋਗਰਾਮ ਦਾ ਸਮਾਂ ਬਦਲ ਹੋਣ ਕਾਰਨ ਇਹ ਬਦਲਾਅ ਕੀਤੇ ਗਏ।

ਕਿਉਂਕਿ ਦੂਰਦਰਸ਼ਨ ਜਲੰਧਰ ਕੇਂਦਰ ਇਕ ਸਰਕਾਰੀ ਚੈਨਲ ਹੋਣ ਕਾਰਨ ਸਾਨੂੰ ਸਭ ਨੂੰ ਸਰਕਾਰ ਦੀਆ ਦਿੱਤੀਆਂ ਹਦਾਇਤਾਂ ਅਨੁਸਾਰ ਚਲਣਾ ਪਵੇਗਾ। ਜਿੰਨੇ ਵੀ ਦੇਸ਼ ਵਿਦੇਸ਼ ਵਸਦੇ ਪੰਜਾਬੀ ਕਲਾਕਾਰ , ਸੰਗੀਤਕਾਰ, ਗੀਤਕਾਰ ਅਤੇ ਹੋਰ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲਿਆ ਲਈ ਇਹ ਜਾਣਕਾਰੀ ਸਾਂਝੀ ਹੋਣੀ ਜ਼ਰੂਰੀ ਸੀ। ਬਹੁਤ ਜਿਆਦਾ ਧੰਨਵਾਦ ਜਲੰਧਰ ਦੂਰਦਰਸ਼ਨ ਦੇ ਉੱਚ ਅਧਿਕਾਰੀ ਅਤੇ ਜਿੰਨੇ ਵੀ ਨਿੱਜੀ ਨਿਰਮਾਤਾ ਅਤੇ ਇੰਟਰਨੈਸ਼ਨਲ ਗਾਇਕ ਦਲਵਿੰਦਰ ਦਿਆਲਪੁਰੀ ਜੋ ਇਸ ਮੀਟਿੰਗ ਵਿੱਚ ਸ਼ਾਮਿਲ ਹੋਏ।

# ਅੱਪਰਾ ਰਿਹਾ ਸ਼ਾਂਤਮਈ ਢੰਗ ਨਾਲ ਮੁਕੰਮਲ ਬੰਦ, ਸਮੂਹ ਦੁਕਾਨਦਾਰਾਂ ਨੇ ਕਿਸਾਨਾਂ ਦਾ ਦਿੱਤਾ ਸਾਥ

**ਸਰਾਫਾਂ ਬਜ਼ਾਰ, ਕਰਿਆਨੇ ਦੀਆਂ ਦੁਕਾਨਾਂ, ਮਨਿਆਰੀ, ਬਜਾਰੀ, ਫਾਸਟ ਫੂਡ ਤੇ ਰੇਹੜੀ-ਫੜੀ ਦੀਆਂ ਦੁਕਾਨਾਂ ਵੀ ਰਹੀਆਂ ਬੰਦ*ਕਿਸਾਨ ਜੱਥੇਬੰਦੀਆਂ ਵੱਲੋਂ ਸ਼ਰਾਬ ਦੀਆਂ ਦੁਕਾਨਾਂ ਅਤੇ ਖੁੱਲ੍ਹੇ ਬੈਂਕ ਬੰਦ ਕਰਵਾਏ**







**ਫਿਲੌਰ/ਅੱਪਰਾ (ਦੀਪਾ)-** ਕਿਸਾਨ ਜਥੇਬੰਦੀਆਂ ਤੇ ਸੰਗਠਨਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਦਿੱਤੀ ਗਈ ਪੰਜਾਬ ਬੰਦ ਦੀ ਕਾਲ ਦੌਰਾਨ ਅੱਪਰਾ ਮੁਕੰਮਲ ਤੌਰ 'ਤੇ ਬੰਦ ਰਿਹਾ। ਇਸ ਦੌਰਾਨ ਸਮੂਹ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਬੰਦ ਰੱਖੀਆਂ ਅਤੇ ਕਿਸਾਨ ਯੂਨੀਅਨਾਂ ਦਾ ਪੂਰਾ ਸਮਰਥਨ ਕੀਤਾ। ਪੰਜਾਬ ਬੰਦ ਦੌਰਾਨ ਅੱਪਰਾ ਦਾ ਸਰਾਫਾ ਬਾਜ਼ਾਰ, ਕਰਿਆਨਾ, ਬਜਾਜੀ, ਮੋਬਾਈਲ ਤੇ ਫਾਸਟ-ਫੂਡ ਸਾਰੇ ਬੰਦ ਰਹੇ। ਸਵੇਰ ਤੋਂ ਹੀ ਲਗਭਗ ਸਾਰੇ ਸ਼ਰਾਬ ਦੇ ਠੇਕੇ ਖੁੱਲੇ ਸਨ ਅਤੇ ਪੌਣੇ ਦਸ ਵਜੇ ਲਗਭਗ ਸਾਰੇ ਬੈਂਕ ਵੀ ਖੁੱਲ੍ਹ ਗਏ ਸਨ। ਖੁੱਲ੍ਹੇ ਸ਼ਰਾਬ ਦੇ ਠੇਕਿਆਂ ਦੀ ਸੂਚਨਾ ਮਿਲਦਿਆਂ ਹੀ ਕਿਸਾਨ ਜੱਥੇਬੰਦੀਆਂ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਆ ਕੇ ਸ਼ਾਂਤੀਪੂਰਵਕ ਸ਼ਰਾਬ ਦੇ ਠੇਕਿਆਂ ਨੂੰ ਬੰਦ ਕਰਵਾਇਆ। ਇਸ ਤਰ੍ਹਾਂ ਕਿਸਾਨ ਜਥੇਬੰਦੀਆਂ ਵੱਲੋਂ ਖੁੱਲ੍ਹਣ ਸਮੇਂ ਸਾਰੇ ਬੈਂਕ ਬੰਦ ਕਰਵਾ ਦਿੱਤੇ ਗਏ ਙ ਅੱਪਰਾ ਦੇ ਨਾਲ-ਨਾਲ ਅੱਪਰਾ ਨੇੜਲੇ ਪਿੰਡਾਂ ਵਿੱਚ ਦੁਕਾਨਾਂ ਲਗਭਗ ਅੰਸ਼ਕ ਤੌਰ ''ਤੇ ਬੰਦ ਰਹੀਆਂ। ਦੁਕਾਨਦਾਰਾਂ ਦੇ ਸਹਿਯੋਗ ਕਾਰਨ ਅੱਪਰਾ ਲਗਭਗ ਮੁਕੰਮਲ ਸ਼ਾਂਤਮਈ ਢੰਗ ਨਾਲ ਬੰਦ ਰਿਹਾ।

# ਛੋਕਰਾਂ ਰੋਡ ਨੂੰ ਬੰਗਾ ਰੋਡ ਨਾਲ ਜੋੜਨ ਵਾਲੀ ਲਿੰਕ ਸੜਕ ਦੀ ਹਾਲਤ ਤਰਸਯੋਗ



**ਫਿਲੌਰ/ਅੱਪਰਾ (ਦੀਪਾ)-** ਸਥਾਨਕ ਨਿਰੰਕਾਰੀ ਭਵਨ ਦੇ ਸਾਹਮਣੇ ਛੋਕਰਾਂ ਰੋਡ ਤੋਂ ਸ਼ੁਰੂ ਹੋ ਕੇ ਇਸ ਨੂੰ ਬੰਗਾ ਰੋਡ ਨਾਲ ਜੋੜਨ ਵਾਲੀ ਲਿੰਕ ਸੜਕ ਦੀ ਹਾਲਤ ਬੇਹੱਦ ਖਸਤਾ ਅਤੇ ਤਰਸਯੋਗ ਬਣ ਚੁੱਕੀ ਹੈ। ਸੜਕ ਦੀ ਹਾਲਤ ਇੰਨੀ ਮਾੜੀ ਹੋ ਗਈ ਹੈ ਕਿ ਕੁਝ ਦਿਨ ਪਹਿਲਾਂ ਹੋਈ ਬਰਸਾਤ ਕਾਰਨ ਸੜਕ ਚਿੱਕੜ ਨਾਲ ਭਰ ਗਈ ਹੈ। ਸੜਕ ਦੀ ਮਾੜੀ ਹਾਲਤ ਕਾਰਨ ਇੱਥੋਂ ਲੰਘਣ ਵਾਲੇ ਦੋਪਹੀਆ ਵਾਹਨ ਚਾਲਕਾਂ ਨੂੰ ਅਕਸਰ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਲਾਕਾ ਵਾਸੀਆਂ ਨੇ ਸਬੰਧਤ ਵਿਭਾਗ ਤੋਂ ਮੰਗ ਕੀਤੀ ਹੈ ਕਿ ਉਕਤ ਸੜਕ ਦੀ ਉਸਾਰੀ ਦਾ ਕੰਮ ਜਲਦੀ ਤੋਂ ਜਲਦੀ ਸ਼ੁਰੂ ਕਰਵਾਇਆ ਜਾਵੇ ਤਾਂ ਜੋ ਛੋਕਰਾਂ ਰੋਡ ਤੋਂ ਬੰਗਾ ਰੋਡ ਵੱਲ ਜਾਣ ਵਾਲੇ ਰਾਹਗੀਰਾਂ ਨੂੰ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

# ਪੰਜਾਬੀ ਲਿਖਾਰੀ ਸਭਾ ਰਾਮਪੁਰ ਵੱਲੋਂ ਬੁੱਧ ਸਿੰਘ ਨੀਲੋਂ ਦਾ ਸਨਮਾਨ













**ਦੋਰਾਹਾ (ਰਮੇਸ਼ਵਰ ਸਿੰਘ)** 29 ਦਸੰਬਰ 2024 ਨੂੰ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਸਮਾਗਮ ਦੌਰਾਨ 'ਨੌਰੰਗ ਸਿੰਘ ਝੱਜ ਪੁਰਸਕਾਰ' ਅਤੇ 'ਕੇਸਰ ਸਿੰਘ ਗਰੇਵਾਲ ਪੁਰਸਕਾਰ' ਨਾਲ ਸਨਮਾਨ ਕੀਤਾ ਗਿਆ। ਸਮਾਗਮ ਦੀ ਵਿਸ਼ੇਸ਼ਤਾ ਇਹ ਸੀ ਕਿ ਬੁੱਧ ਸਿੰਘ ਨੀਲੋਂ ਵਲੋਂ ਪੰਜਾਬੀ ਸਾਹਿਤ ਅਤੇ ਪੱਤਰਕਾਰੀ ਦੇ ਵਿਕਾਸ ਅਤੇ ਪਸਾਰ ਵਿਚ ਪਾਏ ਯੋਗਦਾਨ ਬਾਰੇ ਬੋਲਣ ਵਾਲੇ ਸਾਰੇ, ਕਰੀਬ ਇੱਕ ਦਰਜ਼ਨ, ਬੁਲਾਰਿਆਂ ਨੇ ਉਸਦੀ ਦੀ ਦੇਣ ਦਾ ਗਹਿਰਾਈ ਨਾਲ ਅਧਿਐਨ ਕੀਤਾ ਹੋਇਆ ਸੀ। ਮੁੱਖ ਬੁਲਾਰਿਆਂ ਵਿੱਚ ਡਾ ਪਰਮਿੰਦਰ ਸਿੰਘ ਬੈਨੀਪਾਲ, ਡਾ ਕੁਲਦੀਪ ਸਿੰਘ, ਸਵਰਨ ਸਿੰਘ ਭੰਗੂ, ਕਮਲਜੀਤ ਨੀਲੋਂ, ਬਲਦੇਵ ਸਿੰਘ ਝੱਜ, ਸੁਖਮਨਿੰਦਰਪਾਲ ਸਿੰਘ ਗਰੇਵਾਲ, ਬਲਬੀਰ ਸਿੰਘ ਬੱਬੀ, ਗੁਰਸੇਵਕ ਸਿੰਘ ਢਿੱਲੋਂ, ਪ੍ਰੀਤ ਸੰਦਲ, ਦੀਪ ਦਿਲਬਰ ਅਤੇ ਨੀਤੂ ਰਾਮਪੁਰ ਸ਼ਾਮਿਲ ਸਨ।

ਸਮਾਗਮ ਦੀ ਪ੍ਰਧਾਨਗੀ ਕੀਤੀ ਮਿੱਤਰ ਸੈਨ ਮੀਤ ਹੋਰਾਂ। ਸਮਾਗਮ ਦੀ ਸਫਲਤਾ ਦਾ ਸਿਹਰਾ, ਸਭਾ ਦੇ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ, ਅਤੇ ਬਲਦੇਵ ਮਾਂਗਟ ਦੇ ਨਾਲ ਨਾਲ ਸਭਾ ਦੀ ਸਮੁੱਚੀ ਟੀਮ ਦੇ ਸਿਰ ਬੱਝਿਆ।

## ਝੂਠ ਦਿਵਸ

ਜਦੋਂ ਮੈਂ ਪਿੱਛੇ ਮੁੜਕੇ ਵੇਖਦਾਂ
ਜੋ ਮੇਰੇ ਮਾਪੇ ਇੱਕ ਬਲਦ ਦੀ
ਖੇਤੀ ਕਰਿਆ ਕਰਦੇ ਸਨ ।
ਧੀਆਂ ਦੇ ਵਿਆਹਾਂ ਲਈ ਪੈਲੀ
ਗਹਿਣੇ ਧਰਿਆ ਕਰਦੇ ਸਨ ।
ਪਰ ਮੈਨੂੰ ਉਹ ਅਧਿਆਪਕ ਦੀ
ਕੁਰਸੀ ਦਿਲਵਾ ਕੇ ਹੀ ਹਟੇ ;
ਪੁੱਤ ਗੱਡੀ ਵਿੱਚ ਘੁੰਮੇਂ ਪਰ ਉਹ
ਪੈਦਲ ਤੁਰਿਆ ਕਰਦੇ ਸਨ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037

## ਬੀਤੇ ਸਾਲ ਦਾ ਲੇਖਾ ਜੋਖਾ

ਚਲ ਮਨਾ ਕਿਤੇ ਕੱਲੇ ਬਹਿ ਕੇ
ਅੰਦਰ ਝਾਤੀ ਮਾਰ ਲਈਏ
ਬੀਤੇ ਸਾਲ ਦਾ ਲੇਖਾ ਜੋਖਾ
ਸੁਰਤ ਦੇ ਵਿੱਚ ਉਤਾਰ ਲਈਏ
ਕੀ ਖੱਟਿਆ ਤੇ ਕੀ ਗਵਾਇਆ
ਉਸ ਤੇ ਕਰ ਵਿਚਾਰ ਲਈਏ
ਜ਼ਿੰਦਗੀ ਦੇ ਜੋ ਪਲ਼ ਬਚੇ ਨੇ
ਕਰ ਨਾ ਕਿਤੇ ਖੁਆਰ ਲਈਏ
ਗੁਣ ਔਗੁਣ ਦੇਖੇ ਲੋਕਾਂ ਦੇ
ਹੁਣ ਆਪਣੀ ਵੀ ਸਾਰ ਲਈਏ
ਮਾਣ ਹੰਕਾਰ ਜੋ ਚੱਕੀ ਫਿਰਦੈਂ
ਉਸ ਨੂੰ ਹੁਣ ਕਰ ਬਾਹਰ ਲਈਏ
ਸਬਰ ਸੰਤੋਖ ਤੇ ਨਿਵ ਕੇ ਰਹਿਣਾ
ਅੱਜ ਤੋਂ ਆਪਾਂ ਧਾਰ ਲਈਏ
ਅਣਜਾਣਿਆਂ ਦੀ ਵਾਹ ਵਾਹ ਖਾਤਰ
ਅਪਣੇ ਨਾ ਕਿਤੇ ਵਿਸਾਰ ਲਈਏ
"ਹਮ ਨਹੀ ਚੰਗੇ ਬੁਰਾ ਨਹੀ ਕੋਇ"
ਹੁਣ ਤੋਂ ਕਰ ਇਕਰਾਰ ਲਈਏ
"ਫ਼ੌਜੀਆ" ਤੈਥੋਂ ਸਾਰੇ ਚੰਗੇ
ਚੱਲ ਅਪਣਾ ਆਪ ਸਵਾਰ ਲਈਏ ।



**ਅਮਰਜੀਤ ਸਿੰਘ ਫੌਜੀ**
**ਪਿੰਡ ਦੀਨਾ ਸਾਹਿਬ**
**ਜਿਲ੍ਹਾ ਮੋਗਾ ਪੰਜਾਬ**
**9501127033**

## ਮਾਂ ਬੋਲੀ

ਜੇ ਮਾਂਬੋਲੀ ਨੂੰ ਪੰਜਾਬੀਓ ਭੁੱਲ ਗਏ
ਸਮਝੋ ਤੁਸੀ ਕੱਖਾਂ ਵਾਗੂ ਰੁੱਲ ਗਏ ।
ਬੋਲੀ ਨਾਲ ਹੀ ਤਾਂ ਲੱਖਾਂ ਮੁੱਲ ਪਏ
ਨਹੀ ਤਾਂ ਕੋਡੀਆਂ ਭਾਅ ਤੁੱਲ ਗਏ ॥
ਪੈਂਤੀ ਛੱਡ ਜੇ ਕਿਤੇ ਹੋਰ ਤੇ ਡੁੱਲ ਗਏ
ਫੇਰ ਝੰਡੇ ਗੈਰਾਂ ਦੇ ਭੋਇ ਤੇ ਝੁੱਲ ਗਏ ॥
ਪੰਜਾਬੀ ਬੋਲਣ ਨਾਲ ਕਾਹਦਾ ਹੁੱਲ ਪਏ
ਹੋਰਾਂ ਬੋਲੀਆਂ ਸੰਗ ਤੁਸੀ ਖੁੱਲ ਗਏ। ।
ਮਾ-ਬੋਲੀ ਵਾਰੀ ਸੀਤੇ ਤੁਹਾਡੇ ਬੁੱਲ ਗਏ
ਸਤਿਕਾਰ ਕਰਲੋ ਨਹੀ ਉਜੜੇ ਕੁੱਲ ਗਏ।

**ਸ ਜਪਰੈਨ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

## ਵਿਗਿਆਨ

ਆਓ ਬੱਚਿਓ ਪੜ੍ਹੀਏ ਤੇ ਸਮਝੀਏ ਵਿਗਿਆਨ
ਭੌਤਿਕ ਵਿਗਿਆਨ ਵਧਾਉਂਦਾ ਸਾਡਾ ਕੁਦਰਤੀ ਗਿਆਨ
ਰਸਾਇਣਕ ਵਿਗਿਆਨ ਵਿੱਚ ਰਸਾਇਣਾਂ ਦਾ ਸਦਾ ਰੱਖੋ ਧਿਆਨ
ਬਨਸਪਤੀ ਵਿਗਿਆਨ ਵਿਸਤਾਰ ਨਾਲ ਦੱਸਦਾ ਜੀਵਾਂ ਵਿੱਚ ਹੁੰਦੀ ਜਾਨ॥
ਆਉ ਮਿਹਨਤ ਕਰੀਏ ਅਤੇ ਉੱਚੀ ਰੱਖੀਏ ਇਸਦੀ ਸ਼ਾਨ
ਸੰਤੁਲਿਤ ਖਾਣਾ ਬਣਾਉਂਦਾ ਸਾਨੂੰ ਖੂਬ ਤੰਦਰੁਸਤ ਤੇ ਬਲਵਾਨ
ਸੂਖਮ ਜੀਵਾਂ ਦਾ ਨਾ ਦਿੱਖੇ ਨੰਗੀ ਅੱਖ ਨੂੰ ਨਿਸ਼ਾਨ
ਨਿਉਟਨ ਦੇ ਨਿਯਮਾਂ ਦੀ ਵਿਗਿਆਨ ਨੂੰ ਦੇਣ ਮਹਾਨ
ਐਨਾਟੋਮੀ ਪੜ੍ਹਾਉਂਦੀ ਸਾਰੀ ਸਰੀਰਕ ਪ੍ਰਣਾਲੀ ਜੋ ਵਰਤੇ ਇਨਸਾਨ॥
ਟੈਸਲਾ ਦੀਆਂ ਕਾਢਾਂ ਮਨੁੱਖਤਾ ਲਈ ਬਣਨੀਆਂ ਵਰਦਾਨ
ਆਈਨਸਟਾਈਨ ਨੇ ਪ੍ਰਕਾਸ਼ ਦੇ ਬਿਜਲਈ ਪ੍ਰਭਾਵ ਦਾ ਦਿੱਤਾ ਫੁਰਮਾਨ
ਬਰਨੌਲੀ ਦੀ ਥਿਉਰੀ ਸਦਕਾ ਹੀ ਹਵਾਈ ਜਹਾਜ ਨੂੰ ਮਿਲੀ ਉਡਾਣ
ਗੈਲੀਲਿਓ ਨੇ ਦੂਰਬੀਨ ਨੂੰ ਦਿਵਾਈ ਨਵੀ ਪਹਿਚਾਨ
ਤਰੀਕੇ ਨਾਲ ਵਰਤੋ ਗੁੱਡੀ ਚੜਾਉਦਾਂ ਵਿੱਚ ਅਸਮਾਨ ॥
ਇਡਵਿਨ ਹਬਲ ਨੇ ਹੀ ਸਭ ਤੋਂ ਪਹਿਲਾ ਦੱਸਿਆ ਬ੍ਰਹਿਮੰਡ ਦਾ ਨਾਮੋ ਨਿਸ਼ਾਨ
ਅਣੂ ਬਾਰੇ ਦੱਸ ਜੋਹਨ ਡਾਲਟਨ ਬਣਿਆ ਸੀ ਵੱਡਾ ਵਿਦਵਾਨ॥
ਓਪਨਹਾਇਮਰ ਦੇ ਗਿਆਨ ਦੀ ਦੁਰ ਵਰਤੋ ਨਾਲ ਜਾਪਾਨ ਚ ਬਣਿਆ ਸ਼ਮਸ਼ਾਨ
ਆਈਨਸਟਾਈਨ ਸਦਕਾ ਸੰਸਾਰ ਭਰ ਵਿੱਚ ਵਿਗਿਆਨ ਦੇ ਸਥਾਪਿਤ ਕੀਰਤੀਮਾਨ
ਕਾਪਰਨੀਕਸ ਨੇ ਦੱਸ ਗ੍ਰਹਿ ਘੁੰਮਦੇ ਸੂਰਜ ਦੁਆਲੇ ਕੀਤਾ ਨਾਂ ਪ੍ਰਕਾਸ਼ਮਾਨ
ਵਿਗਿਆਨ ਦੀ ਕਰ ਸਕਾਂ ਮਾਂ ਬੋਲੀ ਵਿੱਚ ਸੇਵਾ ਮੇਰਾ ਇਹੀ ਅਰਮਾਨ॥

**ਸੁਰਿੰਦਰਪਾਲ ਸਿੰਘ**
**ਐਮ.ਐਸ.ਸੀ (ਗਣਿਤ)**
**ਐਮ.ਏ (ਅੰਗ੍ਰੇਜੀ )**
**ਐਮ.ਏ (ਪੰਜਾਬੀ)**
**ਐਮ. ਏ ( ਧਾਰਮਿਕ ਸਿੱਖਿਆ)**
**ਕਿੱਤਾ ਅਧਿਆਪਨ।**
**ਸ੍ਰੀ ਅੰਮ੍ਰਿਤਸਰ ਸਾਹਿਬ।**

## ਰੱਬ, ਧੂਫਾਂ ਅਤੇ ਟੱਲ

ਅਸਲੀ ਨਾਮ ਨਾਲ ਨਾ ਪਛਾਨਣ,
ਲੋਕੀਂ ਪਾ ਲੈਣ ਕੋਈ ਨਾ ਕੋਈ ਅੱਲ ।
ਪਾਣੀ ਬਿਨਾਂ ਹੈ ਔਖੀ ਖੇਤੀ ਕਰਨੀ,
ਸੌਖਾ ਨਹੀਂ ਹੁੰਦਾ ਚਲਾਉਣਾ ਹਲ ।
ਸੋਚ ਸਮਝ ਕੇ ਸਾਰੀ ਜ਼ਿੰਦਗੀ ਜੀਓ,
ਮੁੜ ਹੱਥ ਨਾ ਆਵੇ ਬੀਤਿਆ ਕੱਲ੍ਹ ।
ਬਚਾਉਣਾ ਆਪਣੇ ਆਪ ਨੂੰ ਸਿੱਖੋ,
ਨਹੀਂ ਤਾਂ ਦੂਜੇ ਲਾਹ ਲੈਣਗੇ ਖੱਲ ।
ਚੁੱਪ ਕਰ ਬੈਠੇ ਰਹਿਣਾ ਨਹੀਂ ਚੰਗਾ,
ਕਰਦੇ ਰਹੋ ਮਸਲਿਆਂ ਵਾਲੀ ਗੱਲ ।
ਦੁਨੀਆਂ ਤੇ ਜੇ ਲੰਬਾ ਜਿਉਣਾ ਹੈ ਤਾਂ,
ਉਪਰਾਲੇ ਕਰੋ ਬਚਾਉਣ ਲਈ ਜਲ ।
ਦਰੱਖਤਾਂ ਬਿਨਾਂ ਹੈ ਕਾਹਦੀ ਜ਼ਿੰਦਗੀ?
ਸੋਚ ਲਿਆ ਕਰੋ ਕੱਢ ਕੇ ਦੋ ਪਲ ।
ਸੌਖਾ ਜਿਸ ਨੂੰ ਸਭ ਕੁੱਝ ਮਿਲ ਜਾਵੇ,
ਪਚਦੀ ਫਿਰ ਨਹੀਂ ਉਸ ਨੂੰ ਭੱਲ ।
ਬਦਲੋ ਸੋਚਾਂ, ਇਕੱਠੇ ਹੋ ਕਰੋ ਉਪਾਅ,
ਗਰੀਬੀ ਨੂੰ ਜੇ ਪਾਉਣੀ ਹੈ ਠੱਲ੍ਹ ।
ਆਪਣੀਆਂ ਜੜ੍ਹਾਂ ਨਾਲ ਜੁੜ ਕੇ ਰਹੋ,
ਨਹੀਂ ਤਾਂ ਰੋੜ੍ਹ ਕੇ ਲੈ ਜਾਊ ਕੋਈ ਛੱਲ ।
ਦੂਜਿਆਂ ਦੇ ਨਾਲ ਨਾ ਲੜਨਾ ਚੰਗਾ,
ਬੈਠ ਕੇ ਕਰੋ ਵਿਚਾਰਾਂ ਤੇ ਮਸਲੇ ਹੱਲ ।
ਤਰਕਸ਼ੀਲਾ ਰੱਬ ਕਿਸੇ ਦੀ ਸੁਣਦਾ ਨਾ,
ਰੱਟੇ ਲਾਓ ਧੂਫਾਂ ਚਾਹੇ ਖੜ੍ਹਕਾਓ ਟੱਲ ।
ਅਵਤਾਰ ਸੰਸਾਰ ਹੈ ਤਿਲਕਣਬਾਜ਼ੀ,
ਸੁਧਾਰ ਲਈ ਖੁਰਦਪੁਰੀਏ ਸੰਗ ਚੱਲ ।



**-ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ (ਜਲੰਧਰ)**
006421392147



# ਸਿੱਖ ਇਤਿਹਾਸ: ਸ੍ਰੀ ਗੁਰੂ ਨਾਨਕ ਦੇਵ ਜੀ

ਜੌੜਨ ਲਈ ਪਿਛਲਾ ਅੰਕ ਦੇਖੋ

ਕੁਝ ਸਮੇਂ ਲਈ ਬੰਦਾ ਸਿੰਘ ਬਹਾਦਰ ਨੇ ਉੱਤਰੀ ਪਹਾੜੀਆਂ ਨੂੰ ਆਪਣਾ ਠਿਕਾਣਾ ਬਣਾ ਲਿਆ ਅਤੇ ਉਹ ਕਦੇ ਕਦੇ ਲੜਾਈ ਕਰਨ ਲਈ ਮੈਦਾਨਾਂ ਵਿਚ ਆਉਂਦਾ ਸੀ। 4 ਜੂਨ 1711 ਵਿਚ ਬੰਦਾ ਸਿਘ ਬਹਾਦਰ ਨੇ ਬਹਿਰਾਮ ਪੁਰ ਦੇ ਨੇੜੇ ਲੜਾਈ ਕਰਕੇ ਜੰਮੂ ਦੇ ਫੌਜਦਾਰ ਨੂੰ ਹਰਇਆ ਅਤੇ ਸਿੱਖਾਂ ਨੇ ਬਹਿਰਾਮ ਪੁਰ ਅਤੇ ਰਾਇਪੁਰ ਦੇ ਕਸਬੇ ਉਜਾੜ ਦਿੱਤੇ ਅਤੇ ਕਲਾਨੋਰ ਅਤੇ ਬਟਾਲੇ ਉੱਤੇ ਕਬਜਾ ਕਰ ਲਿਆ ਪਰ ਇਹ ਕਬਜਾ ਆਰਜੀ ਸੀ , ਕਿਉਂਕਿ ਜਰਨੈਲ ਮੁਹਮਦ ਅਮੀਨ ਖਾਂ ਅਤੇ ਰੁਸਤਮ ਖਾਂ ਬੰਦਾ ਸਿੰਘ ਦੇ ਪਿੱਛੇ ਲੱਗੇ ਹੋਏ ਸਨ ਅਤੇ ਉਸਨੂੰ ਹਰ ਵਾਰੀ ਜੰਮੂ ਦੀਆਂ ਪਹਾੜੀਆਂ ਵੱਲ ਜਾਣਾ ਪੈਂਦਾ ਸੀ। ਸਿੱਖ ਤਾਂ ਉਨ੍ਹਾਂ ਦੇ ਹੱਥ ਨਹੀਂ ਸੀ ਆਉਂਦੇ ਪਰ ਕਈ ਅਦਮੀਆਂ ਨੂੰ ਸਿੱਖ ਹੋਣ ਦਾ ਝੂਠਾ ਇਲਜ਼ਾਮ ਲਗਾਕੇ ਪਕੜ ਲਿਆ ਜਾਂਦਾ ਸੀ।ਅਤੇ ਉਨ੍ਹਾਂ ਨੂੰ ਤਨਖਾਹ ਦੇ ਬਦਲੇ ਮੁਗਲ ਸਿਪਾਹੀਆਂ ਨੂੰ ਸੌਂਪ ਦਿੱਤਾ ਜਾਂਦਾ ਸੀ ਅਤੇ ਉਹ ਮੁਗਲ ਸਿਪਾਹੀ ਉਨ੍ਹਾਂ ਨੂੰ ਲਾਹੌਰ ਦੀ ਘੋੜਾ ਮੰਡੀ (ਨਖਾਸ ) ਵਿਚ ਵੇਚ ਦਿੰਦੇ ਸਨ ।ਪੰਜਾਬ ਦੇ ਕੇਂਦਰੀ ਜਿਲ੍ਹਿਆਂ ਦੇ ਸਿੱਖਾਂ ਅਤੇ ਉਨ੍ਹਾਂ ਦੇ ਹਿਮਾਇਤੀਅ ਨੂੰ ਬਹੁਤ ਤੰਗ ਕੀਤਾ ਜਾਂਦਾ ਸੀ ਸਰਕਾਰੀ ਕਰਮਚਾਰੀਆਂ ਦੇ ਵਾਸਤੇ ਹੁਕਮ ਜਾਰੀ ਕੀਤਾ ਗਿਆ ਕਿ ਜਿੱਥੇ ਵੀ ਸਿੱਖ ਮਿਲਣ ਉਨ੍ਹਾਂ ਦਾ ਕਤਲ ਕਰ ਦਿੱਤਾ ਜਾਵੇ ਇਸ ਹੁਕਮ ਤੋਂ ਬਾਅਦ ਸਰਕਾਰੀ ਕਰਮਚਾਰੀਆਂ ਨੇ ਸਿੱਖਾਂ ਅਤੇ ਉਨ੍ਹਾਂ ਦੇ ਹਮਦਰਦਾਂ ਨੂੰ ਤਸੀਹੇ ਦੇਕੇ ਕਤਲ ਕਰਨ ਦਾ ਕੰਮ ਅਰੰਭ ਦਿੱਤਾ। ਇਕ ਗੱਲ ਧਿਆਨ ਵਿਚ ਰੱਖੀ ਗਈ ਕਿ ਸਿੱਖਾਂ ਨਾਲ ਹਿੰਦੂਆਂ ਨੂੰ ਕਸ਼ਟ ਨਾ ਝੇਲਣੇ ਪੈਣ ਬਾਦਸ਼ਾਹ ਨੇ ਇਕ ਫਰਮਾਨ ਜਾਰੀ ਕੀਤਾਂ ਕੇ ਸਾਰੇ ਹਿੰਦੂ ਆਪਣੀਆਂ ਦਾੜ੍ਹੀਆਂ ਕਟਵਾ ਲੈਣ ਤਾਂਕਿ ਸਿੱਖਾਂ ਅਤੇ ਹਿੰਦੂਆਂ ਦੀ ਪਹਿਚਾਨ ਹੋ ਸਕੇ ਕਿਉਂਕਿ ਸਿੱਖ ਆਪਣੀ ਮੌਤ ਨੂੰ ਸਾਹਮਣੇ ਦੇਖ ਕੇ ਵੀ ਸ਼ਰੀਰ ਦਾ ਕੋਈ ਵੀ ਬਾਲ ਨਹੀਂ ਸੀ

ਕਟਵਾਉਂਦੇ। ਬਾਦਸ਼ਾਹ ਬਹਾਦੁਰ ਸ਼ਾਹ ਆਪਣੇ ਅਖੀਰਲੇ ਦਿਨਾਂ ਵਿਚ ਆਵਦਾ ਦਿਮਾਗੀ ਸਮਤੋਲ ਗੁਆ ਚੁੱਕਾ ਸੀ ਇਕ ਵਾਰੀ ਉਸਦੇ ਦਿਮਾਗ ਵਿਚ ਆਇਆ ਕਿ ਸਾਰੇ ਕੁੱਤੇ ਅਤੇ ਗਧੇ ਮਰਵਾ ਦਿੱਤੇ ਜਾਣ ਅਤੇ ਮੰਗਤਿਆਂ ਅਤੇ ਫ਼ਕੀਰਾਂ ਨੂੰ ਸ਼ਹਿਰ ਤੋਂ ਬਾਹਰ ਕੱਢ ਦਿੱਤਾ ਜਾਵੇ।18 ਫਰਵਰੀ 1712 ਵਿਚ ਉਹ ਇਸ ਦੁਨਿਆਂ ਨੂੰ ਅਲਵਿਦਾ ਕਹਿ ਗਿਆ ।ਬਾਦਸ਼ਾਹ ਤੋਂ ਬਾਅਦ ਉਦਾ ਪੁੱਤਰ ਜਹਾਂਦਾਰ ਸ਼ਾਹ ਗੱਦੀ ਤੇ ਬੈਠਾਂ ਅਤੇ 1713 ਈਸਵੀ ਦੇ ਆਰੰਭ ਵਿਚ ਅਜੀਮੁਸ਼ ਸ਼ਾਨ ਦੇ ਪੁੱਤਰ ਫਰੁਖਸੀਅਰ ਨੇ ਉਸਨੂੰ ਗਦੀ ਤੋਂ ਉਤਾਰ ਦਿੱਤਾ।

ਮੁਗਲ ਦਰਬਾਰ ਵਿਚ ਪਰਸਪਰ ਸੰਘਰਸ਼ ਦੇ ਕਾਰਨ ਬੰਦਾ ਸਿੰਘ ਬਹਾਦਰ ਨੂੰ ਆਪਣੇ ਗੁਆਏ ਹੋਏ ਇਲਾਕਿਆਂ ਨੂੰ ਮੁੜ ਪਰਾਪਤ ਕਰਨ ਦਾ ਮੌਕਾ ਮਿਲ ਗਿਆ ਅਤੇ ਉਸਨੇ ਸਭਤੋਂ ਪਹਿਲਾਂ ਸਢੌਰਾ ਅਤੇ ਲੋਹਗੜ੍ਹ ਉੱਤੇ ਕਬਜਾ ਕਰ ਲਿਆ ਅਤੇ ਲੋਹਗੜ੍ਹ ਇਕ ਵਾਰੀ ਫੇਰ ਸਿੱਖਾ ਦੀ ਰਾਜਧਾਨੀ ਬਣ ਗਿਆ ਫਰੁਖਸੀਅਰ ਨੇ ਅਬਦੁਸ-ਸਮਦ ਖਾਂ ਨੂੰ ਲਾਹੌਰ ਦਾ ਗਵਰਨਰ ਅਤੇ ਉਸਦੇ ਪੁੱਤਰ ਨੂੰ ਜੰਮੂ ਦਾ ਫੌਜਦਾਰ ਨਿਯੁਕਤ ਕਰ ਦਿੱਤਾ। ਅਤੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ ਬੰਦਾ ਸਿੰਘ ਬਹਾਦੁਰ ਨੂੰ ਆਪਣੇ ਠਿਕਾਣਿਆਂ ਤੋਂ ਕੱਢ ਦੇਵੇ ।ਸਿਖ 1713 ਵਿਚ ਸਢੌਰਾ ਅਤੇ ਲੋਹਗੜ੍ਹ ਖਾਲੀ ਕਰਨ ਲਈ ਮਜਬੂਰ ਹੋ ਗਏ ਅਤੇ ਬੰਦਾ ਸਿੰਘ ਜੰਮੂ ਦੀਆਂ ਪਹਾੜੀਆਂ ਵਿਚ ਚਲਾ ਗਿਆ ਅਤੇ ਉੱਥੇ ਉਸਨੇ ਆਵਦਾ ਦੂਜਾ ਵਿਆਹ ਕਰਵਾਇਆ ਅਤੇ ਓੱਥੇ ਹੀ ਉਸਨੇ ਆਪਣਾ ਡੇਰਾ ਸਥਾਪਿਤ ਕੀਤਾ ਜਿਸਨੂੰ ਹੁਣ ਡੇਰਾ ਬਾਬਾ ਬੰਦਾ ਸਿੰਘ ਕਿਹਾ ਜਾਂਦਾ ਹੈ ।ਅਬਦੁਸ-ਸਮਦ ਖਾਂ ਅਤੇ ਉਸਦੇ ਪੁੱਤਰ ਜਕਰਿਆ ਖਾਂ ਨੂੰ ਸਿੱਖਾਂ ਵਿਰੁਧ ਮੁਢਲੀਆਂ ਸਫ਼ਲਤਾਵਾਂ ਪ੍ਰਾਪਤ ਕਰਨ ਤੇ ਬਾਦਸ਼ਾਹ ਵੱਲੋ ਸਨਮਾਨਤ ਕੀਤਾ ਗਿਆ,ਕਿਉਂਕਿ ਓਨ੍ਹਾਂ ਨੇ ਸਿੱਖਾਂ ਨੂੰ ਮਾਰਨਾ ਆਰੰਭ ਦਿੱਤਾ ਸੀ ਸਿੱਖਾਂ ਨੂੰ ਕਤਲ ਕਰਨ ਦਾ ਕੰਮ ਗੁਰਦਾਸਪੁਰ ਦੇ ਪਠਾਣ ਕਰਦੇ ਸਨ ।

### ਗੁਰਦਾਸ ਨੰਗਲ ਦੇ ਸਥਾਨ ਤੇ ਅੰਤਮ ਪੜਾ

1715 ਦੇ ਆਰੰਭ ਵਿਚ ਬੰਦਾ ਸਿੰਘ ਬਹਾਦਰ ਫੇਰ ਮੈਦਾਨੀ ਇਲਾਕੇ ਵਿਚ ਆ ਗਿਆ ਅਤੇ ਜਬਰਦਸਤ ਲੜਾਈ ਤੋਂ ਬਾਅਦ ਉਸਨੇ ਕਲਨੋਰ ਅਤੇ ਬਟਾਲੇ ਤੇ ਕਬਜਾ ਕਰ ਲਿਆ ਅਤੇ ਓਨ੍ਹਾਂ ਥਾਂਵਾਂ ਨੂੰ ਸਿੱਖ ਅਧਿਕਾਰੀਆਂ ਨੂੰ ਸੌਂਪ ਦਿੱਤਾ।ਇਸ ਤੋਂ ਬਾਅਦ ਫਰੁਖਸੀਅਰ ਗੁੱਸੇ ਵਿਚ ਭੜਕ ਗਿਆ ਅਤੇ ਉਸਨੇ ਅਬਦੁਸ ਸਮਦ ਖਾਂ ਨੂੰ ਉਸਦੀ ਲਾਪਰਵਾਹੀ ਦੇ ਕਾਰਨ ਬਹੁਤ ਡਾਂਟਿਆ ਅਤੇ ਉਸਨੇ ਹਿੰਦੂ ਅਧਿਕਾਰੀਆਂ ਅਤੇ ਰਈਸਾਂ ਨੂੰ ਆਪਣੀਆਂ ਫੋਜਾਂ ਦੇ ਨਾਲ ਲਾਹੋਰ ਦੀਆਂ ਫੌਜਾਂ ਦੀ ਮਦਦ ਕਰਨ ਦੇ ਹੁਕਮ ਜਾਰੀ ਕੀਤੇ ।ਇਨ੍ਹਾਂ ਫ਼ੋਜਾਂ ਨੂੰ ਕਾਂਗੜਾ ਦੇ ਕਟੋਚ ਹਾਕਮ ਅਤੇ ਜਮਰੋਟਾ ਦੇ ਰਾਜਾ ਧਰੂਵ ਦੇਵ ਨੇ ਵੀ ਮਦਦ ਕੀਤੀ ਸੀ ਬੰਦਾ ਸਿੰਘ ਬਹਾਦਰ ਕਿਤੇ ਸੁਰਖਿਅਤ ਥਾਂ ਤੇ ਪਹੁੰਚਕੇ ਲੜਾਈ ਕਰਦਾ ਉਸਤੋਂ ਪਹਿਲਾਂ ਹੀ ਅਬਦੁਸ ਸਮਦਖਾਂ ਨੇ ਉਸ ਉੱਤੇ ਹਮਲਾ ਬੋਲ ਦਿੱਤਾ ਬੰਦਾ ਸਿੰਘ ਬਹਾਦਰ ਦੀਆਂ ਫ਼ੌਜਾਂ ਇੰਨੀ ਬਹਾਦਰੀ ਨਾਲ ਲੜੀਆਂ ਅਤੇ ਉਹ ਜਿੱਤ ਦੇ ਨੇੜੇ ਹੀ ਸਨ ਪਰ ਉਹ ਅਪਣੀ ਸੁਰਖਿਆ ਦੀ ਘਾਟ ਦੇ ਕਾਰਣ ਉਹ ਪਿੱਛੇ ਹਟਣ ਨੂੰ ਮਜਬੂਰ ਹੋ ਗਿਆ ਅਤੇ ਗੁਰਦਾਸ ਨੰਗਲ ਪਿੰਡ ਵਿਚ ਘਿਰ ਗਿਆ ਅਤੇ ਬੰਦਾ ਸਿੰਘ ਬਹਾਦਰ ਨੇ ਆਪਣੀਆਂ ਫ਼ੌਜਾਂ ਨੂੰ ਦੁਨੀ ਚੰਦ ਦੀ ਹਵੇਲੀ ਵਿਚ ਲੈ ਆਂਦਾ ਅਤੇ ਅਹਾਤੇ ਦੇ ਆਲੇ ਦੁਆਲ਼ੇ ਆਰਜੀ ਰੱਖਿਆ ਦੇ ਪ੍ਰਬੰਧ ਕਾਇਮ ਕੀਤੇ ਗਏ ਹਵੇਲੀ ਦੇ ਦੁਆਲੇ ਖਾਈ ਪੁੱਟੀ ਗਈ ਜਿਸਨੂੰ ਨੇੜੇ ਦੀ ਇਕ ਨਹਿਰ ਤੋਂ ਪਾਣੀ ਲਿਆਕੇ ਭਰਿਆ ਗਿਆ ।ਅਤੇ ਦੁਸ਼ਮਣਾ ਨੂੰ ਦੂਰ ਰੱਖਣ ਲਈ ਅਰਜੀ ਦਲਦਲ ਪੈਦਾ ਕੀਤੀ ਗਈ ਅਤੇ ਸਿੱਖ ਘੇਰੇ ਦਾ ਮੁਕਾਬਲਾ ਕਰਨ ਵਾਸਤੇ ਡਟ ਗਏ ।ਘੇਰਾ



ਇੰਨਾ ਪੱਕਾ ਹੋ ਗਿਆ ਸੀ ਕਿ ਅਨਾਜ ਅਤੇ ਘਾਹ ਅੰਦਰ ਨਹੀਂ ਸੀ ਜਾ ਸਕਦਾ ।ਇਬਰਤ ਨਾਮਾ ਦਾ ਲਿਖਾਰੀ ਮੁਹੰਮਦ ਕਾਸਿਮ ਨੇ ਅੱਖੀਂ ਡਿੱਠਾ ਹਾਲ ਲਿਖਿਆ ਹੈ ਕਿ, " ਦੋਜਖੀ ਸਿੱਖਾਂ ਦੇ ਬਹਾਦਰੀ ਅਤੇ ਹੌਸਲੇ ਵਾਲੇ ਕਾਰਨਾਮੇ ਹੈਰਾਨ ਕਰ ਦੇਣ ਵਾਲੇ ਸਨ।" ਦਿਨ ਵਿਚ ਦੋ ਜਾਂ ਤਿੰਨ ਵਾਰ 40 ਜਾਂ 50 ਸਿੱਖ ਆਪਣੇ ਪਸ਼ੂਆਂ ਲਈ ਘਾਅ ਇਕੱਠਾ ਕਰਨ ਲਈ ਉਸ ਅਹਾਤੇ ਚੋਂ ਨਿਕਲਦੇ ਅਤੇ ਜਦੋਂ ਮੁਗਲ ਫੋਜਾਂ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਅੱਗੇ ਵਧ ਦੀਆਂ ਤਾਂ ਸਿੱਖ ਤੀਰਾਂ,ਤਲਵਾਰਾਂ ਅਤੇ ਬੰਦੂਕਾਂ ਨਾਲ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਕੇ ਗਾਇਬ ਹੋ ਜਾਂਦੇ ਸਨ ।ਇਨ੍ਹਾਂ ਲੋਕਾਂ ਦਾ ਇੰਨਾ ਡਰ ਸੀ ਅਤੇ ਉਨ੍ਹਾਂ ਦੇ ਸਰਦਾਰ (ਬੰਦਾ ਸਿੰਘ )ਦਾ ਇਤਨਾ ਡਰ ਸੀ ਕਿ ਸ਼ਾਹੀ ਸੇਨਾ ਦੇ ਕਮਾਡਰ ਰੱਬ ਅੱਗੇ ਪ੍ਰਾਰਥਨਾ ਕਰਦੇ ਸਨ ਕਿ ਕੋਈ ਅਜਿਹਾ ਭਾਣਾ ਵਰਤੇ ਬੰਦਾ ਸਿੰਘ ਆਪਣੇ ਬਚਾਅ ਵਾਸਤੇ ਗੜ੍ਹੀ ਵਿੱਚੋਂ ਬਾਹਰ ਭੱਜ ਜਾਵੇ ।ਘੇਰਾ ਪਾਉਣ ਵਾਲੀ ਸ਼ਾਹੀ ਫੋਜ ਘੇਰੇ ਨੂੰ ਹੋਰ ਤੰਗ ਕਰਨ ਤੋਂ ਸਿਵਾਏ ਕੁਝ ਨਹੀਂ ਸਨ ਕਰ ਸਕਦੇ।ਇਸ ਘੇਰੇ ਦੇ ਕਾਰਣ ਸਿੱਖਾਂ ਦਾ ਰਾਸ਼ਨ ਜਲਦੀ ਹੀ ਖਤਮ ਹੋ ਗਿਆ ਅਤੇ ਉਨ੍ਹਾਂ ਨੇ ਤੰਗੀ ਝੇਲਣੀ ਸ਼ੁਰੂ ਕਰ ਦਿੱਤੀ। ਬੰਦਾ ਸਿੰਘ ਅਤੇ ਬਿਨੋਦ ਸਿੰਘ ਦੇ ਵਿਚਕਾਰ ਉਨ੍ਹਾਂ ਦੀਆਂ ਅਗਲੀਆਂ ਯੋਜਨਾਵਾਂ ਸੰਬੰਧੀ ਕੁਝ ਮੱਤਭੇਦ ਹੋ ਗਏ ਅਤੇ ਸਿੱਖਾਂ ਦੀ ਸਥੀਤੀ ਹੋਰ ਵੀ ਵਿਗੜ ਗਈ। ਬਿਨੋਦ ਸਿੰਘ ਗੜ੍ਹੀ ਚੋਂ ਨਿਕਲ ਜਾਣਾ ਚਾਹੁੰਦਾ ਸੀ ਪਰ ਬੰਦਾ ਸਿੰਘ ਇਸ ਗੱਲ ਤੋਂ ਰਾਜੀ ਨਹੀਂ ਸੀ ਹੋ ਰਿਹਾ ।ਉਹ ਗੜ੍ਹੀ ਦੇ ਅੰਦਰ ਹੀ ਰਹਿਣਾ ਚਾਹੁੰਦਾ ਸੀ



**Bhagwan Singh Tagar**

ਸਖਤ ਤਕਰਾਰ ਤੋਂ ਬਾਅਦ ਜਦੋਂ ਨੌਬਤ ਹੱਥੋ ਪਈ ਤੱਕ ਆ ਰਹੀ ਸੀ ਤੇ ਬਿਨੋਦ ਸਿੰਘ ਦੇ ਪੁੱਤਰ ਕਾਹਨ ਸਿੰਘ ਨੇ ਦਖਲ ਦੇਕੇ ਉਨ੍ਹਾਂ ਨੂੰ ਰੋਕ ਦਿੱਤਾ ਅਤੇ ਸੁਝਾਵ ਦਿੱਤਾ ਕਿ ਉਨ੍ਹਾਂ ਵਿੱਚੋਂ ਇਕ ਬਾਹਰ ਚਲਾ ਜਾਵੇ।ਬਿਨੋਦ ਸਿੰਘ ਨੇ ਸੁਝਾਵ ਪ੍ਰਵਾਨ ਕਰ ਲਿਆ ਅਤੇ ਉਹ ਘੇਰਾ ਪਾਉਣ ਵਾਲਿਆਂ ਚੋਂ ਘੋੜੇ ਤੇ ਸਵਾਰ ਹੋਕ ਲੜਦੇ ਹੋਏ ਗੜ੍ਹੀ ਚੋਂ ਬਾਹਰ ਨਿਕਲ ।

ਗਿਆ ਵਿਤਕਰਾ ਤਾਂ ਦੂਰ ਹੋ ਗਿਆ ਪਰ ਹਾਲਾਤ ਉਸੇ ਤਰ੍ਹਾਂ ਬਣੇ ਰਹੇ। ਜਦੋਂ ਖਾਣ ਦਾ ਸਮਾਨ ਮੁੱਕ ਗਿਆ ਤਾਂ ਸਿੱਖਾਂ ਨੂੰ ਘੋੜਿਆਂ ਗਧਿਆਂ ਅਤੇ ਦੂਜੇ ਜਾਨਵਰਾਂ ਦਾ ਮਾਸ ਖਾਣ ਨੂੰ ਮਜਬੂਰ ਹੋਣਾ ਪਿਆ ਜਦੋਂ ਮਾਸ ਪਕਾਉਣ ਵਾਸਤੇ ਲਕੜੀਆਂ ਮੁੱਕ ਗਈਆਂ ਤਾਂ ਉਨ੍ਹਾਂ ਨੇ ਕੱਚਾ ਮਾਸ ਹੀ ਖਾ ਲਿਆ ਅਤੇ ਕੱਚਾ ਮਾਸ ਖਾਣ ਨਾਲ ਬਹੁਤ ਸਾਰੇ ਸਿੱਖਾਂ ਨੂੰ ਮਰੋੜ ਲੱਗ ਗਏ ਅਤੇ ਉਹ ਸ਼ਰੀਰਕ ਕਸ਼ਟਾਂ ਨਾਲ ਚਲ ਬਸੇ ਜਦੋਂ ਘਾਹ ਮੁੱਕ ਗਿਆ ਤਾਂ ਉਨ੍ਹਾਂ ਨੇ ਦਰਖਤਾਂ ਦੇ ਪੱਤੇ ਖਾਧੇ ਅਤੇ ਪੱਤਿਆਂ ਦੇ ਖਤਮ ਹੋ ਜਾਣ ਤੋਂ ਬਾਅਦ ਦਰਖਤਾਂ ਦੀ ਛਿੱਲ ਅਤੇ ਟਾਹਣੀਆਂ ਨੂੰ ਸੁਕਾਕੇ ਅਤੇ ਪੀਸਕੇ ਆਟੇ ਦੀ ਜਗ੍ਹਾ ਵਰਤਿਆ ਅਤੇ ਉਨ੍ਹਾਂ ਨੇ ਪਸੂਆਂ ਦੀਆਂ ਹੱਡੀਆਂ ਵੀ ਪੀਸਕੇ ਉਸੇ ਤਰ੍ਹਾਂ ਵਰਤਿਆ ।ਕੁਝ ਲੋਕ ਤਾਂ ਇਹ ਵੀ ਕਹਿੰਦੇ ਸਨ ਕਿ ਕੁਝ ਸਿੱਖਾਂ ਨੂੰ ਆਪਣੇ ਪੱਟਾਂ ਦਾ ਮਾਸ ਕੱਢਕੇ ਭੰਨੁੰਕੇ ਖਾਂਦੇ ਦੇਖਿਆ ਪਰ ਬੰਦਾ ਸਿੰਘ ਬਹਾਦਰ ਨੂੰ ਕਿਸੇ ਨੇ ਵੀ ਕੁਝ ਖਾਂਦੇ ਹੋਏ ਜਾਂ ਪਣੀ ਪੀਂਦੇ ਨਹੀਂ ਸੀ ਦੇਖਿਆ ਜਦੋਂ ਵੀ ਬੰਦਾ ਸਿੰਘ ਨੂੰ ਪਾਣੀ ਅਤੇ ਭੋਜਨ ਵਸਾਤੇ ਪੁੱਛਿਆ ਜਾਂਦਾ ਤਾਂ ਉਹ ਕਹਿੰਦਾ ਸੀ ਕਿ ਮੇਰਾ ਵਰਤ ਰੱਖਿਆਂ ਹੋਇਆ ਹੈ ਅਤੇ ਕੁਝ ਦਾ ਕਹਿਣਾ ਸੀ ਕਿ ਉਸਨੇ ਆਪਣੇ ਸ਼ਰੀਰ ਅਤੇ ਆਤਮਾ ਨੂੰ ਵਾਹਿਗੁਰੂ ਦੀ ਭਗਤੀ ਨਾਲ ਕਾਬੂ ਕੀਤਾ ਹੋਇਆ ਸੀ ਅਤੇ ਇਸ ਕਰਕੇ ਉਹ ਬਗੈਰ ਖਾਧਿਆਂ ਪੀਤਿਆਂ ਵੀ ਰਹਿ ਰਿਹਾ ਸੀ ਕੁਝ ਇਹ ਵੀ ਕਹਿੰਦੇ ਸਨ ਕਿ ਹਰਬਸ ਖਾਕੇ ਉਹ ਭੁੱਖ ਨੂੰ ਕੰਟਰੋਲ ਕਰਦਾ ਸੀ ਸਭ ਦੀ ਆਪਣੀ ਰਾਏ ਸੀ। ਕਾਮਵਰ ਖਾਂ ਅਨੁੰਸਾਰ ਇਸ ਸਭ ਕੁਝ ਦੇ ਬਾਵਜੂਦ ਦੋਜਖੀ ਸਿੱਖ ਆਗੂ ਅਤੇ ਉਸਦੇ ਆਦਮੀਆਂ ਨੇ ਮਹਾਨ ਮੁਗਲ ਰਾਜ ਦੀਆਂ ਫੌਜਾਂ ਦਾ,ਜੋ ਉਹ ਸਿੱਖਾਂ ਵਿਰੁੱਧ ਅੱਠਾਂ ਮਹੀਨਿਆਂ ਵਿਚ ਇਕੱਠਾਂ ਕਰ ਸਕੇ ਸਨ ਡਟ ਕੇ ਮੁਕ-ਾਬਲਾ ਕੀਤਾ।ਪਰ ਇਵੇਂ ਕਿੰਨੀ ਦੇਰ ਚੱਲ ਸਕਦਾ ਸੀ ।ਕੋਈ ਅੱਠ ਹਜਾਰ ਸਿੱਖ ਮਰ ਚੁੱਕੇ ਸਨ,ਅਤੇ ਬਾਕੇ ਜਿਹੜੇ ਰਹਿ ਗਏ ਸਨ ਉਹ ਪਿੰਜਰ ਹੀ ਰਹਿ ਗਏ ਸਨ ਇਹੋ ਜਹੀ ਹਾਲਤ ਵਿਚ ਉਹ ਹੋਰ ਮੁਕਾਬਲਾ ਨਹੀਂ ਸਨ ਕਰ ਸਕਦੇ। 17ਦਿਸੰਬਰ 1715 ਨੂੰ ਸ਼ਾਹੀ ਸੇਨਿਕ ਗੜ੍ਹੀ ਵਿਚ ਦਾਖਲ ਹੋਏ ਅਤੇ ਬੰਦਾ ਸਿੰਘ ਅਤੇ ਉਸਦੇ ਸਾਥੀ ਜਿਹੜੇ ਭੁੱਖ ਨਾਲ ਬੇਹਾਲ ਹੋ ਗਏ ਸਨ ਕੈਦੀ ਬਣਾ ਲਏ ਗਏ ਅਬਦੁਸੱਮਦ ਖਾਨ ਨੇ ਠੀਕ ਹੀ ਦਰਸਾਇਆ ਸੀ ਕਿ ਉਹ ਕਿਹੋ ਜਿਹੀ ਸਿਫ਼ਾਰਸ਼ ਕਰਨੀ ਚਾਹੁੰਦਾ ਸੀ ਅਤੇ ਉਸਨੇ ਤਿੰਨ ਸੌ ਆਦਮੀਆਂ ਦੇ ਹੱਥ ਪੈਰ ਬੰਨ੍ਹਕੇ ਮੁਗਲ ਅਤੇ ਤਾਤਾਰੀ ਸਿਪਾਹੀਆਂ ਦੇ ਹਵਾਲੇ ਕਰ ਦਿੱਤੇ ਗਏ ਅਤੇ ਉਨ੍ਹਾਂ ਨੇ ਤਿੰਨ ਸੌ ਸਿੱਖਾਂ ਦਾ ਕਤਲ ਕਰਕੇ ਮੈਦਾਨ ਲਹੂ ਨਾਲ ਭਰ ਦਿੱਤਾ।ਸਿੱਖਾਂ ਦੇ ਮ੍ਰਿਤਿਕ ਸ਼ਰੀਰਾਂ ਦੀ ਚੀਰ ਫਾੜ ਇਸ ਕਰਕੇ ਕੀਤੀ ਗਈ ਕਿਉਂਕਿ ਇਹ ਸਮਝਿਆਂ ਗਿਆ ਸੀ ਕਿ ਸਿੱਖਾਂ ਨੇ ਸੋਨੇ ਦੇ ਸਿੱਕੇ ਨਿਗਲ ਲਏ ਹਨ,ਅਤੇ ਸਿੱਖਾਂ ਦੇ ਸਿਰਾਂ ਵਿਚ ਤੂੜੀ ਭਰਕੇ ਓਨ੍ਹਾਂ ਨੂੰ ਨੇਜਿਆਂ ਤੇ ਟੰਗਿਆ ਗਿਆ ।

### ਦਿੱਲੀ ਵਿਚ ਕਤਲ

ਗੁਰਦਾਸ ਨੰਗਲ ਤੋਂ ਅਬਦੁਸ ਸਮਦ ਖਾਂ ਬੰਦਾ ਸਿੰਘ ਅਤੇ ਉਸਦੇ ਸਾਥੀਆਂ ਨੂੰ ਲਾਹੌਰ ਲੈ ਆਇਆ ਜਿੱਥੇ ਉਨ੍ਹਾਂ ਨੂੰ ਬੜੀ ਨਿਰਾਦਰੀ ਵਾਲੇ ਢੰਗ ਨਾਲ ਗਲੀਆਂ ਵਿਚ ਘੁਮਾਇਆ ਗਿਆ,ਅਤੇ ਫੇਰ ਦਿੱਲੀ ਭੇਜ ਦਿੱਤਾ।ਭਾਵੇਂ ਬੰਦਾ ਸਿੰਘ ਕੈਦੀ ਹੋਣ ਦੇ ਨਾਤੇ ਉਸਨੂੰ ਫੜਣ ਵਾਲਿਆਂ ਦੇ ਰਹਿਮ ਉੱਤੇ ਸੀ ਫੇਰ ਵੀ ਉਸਦੀਆਂ ਰੱਬੀ ਸ਼ਕਤੀਆਂ ਦਾ ਏਨਾ ਭੈ ਸੀ ਕਿ ਮੁਗਲ ਸੈਨਕਾਂ ਨੂੰ ਡਰ ਸੀ ਕਿ ਕਿਤੇ ਉਹ ਉਨ੍ਹਾਂ ਦੇ ਹੱਥਾਂ ਵਿਚੋਂ ਉੱਡ ਨਾ ਜਾਵੇ। ਜਿੱਥੇ ਉਸਨੂੰ ਬੜੀ ਨਿਰਾਦਰੀ ਵਾਲੇ ਢੰਗ ਨਾਲ ਗਲੀਆਂ ਵਿਚ ਫੇਰਕੇ ਦਿੱਲੀ ਭੇਜ ਦਿੱਤਾ ਬੰਦਾ ਸਿੰਘ ਕੈਦੀ ਸੀ ਉਸਦੀਆ ਰੱਬੀ ਸ਼ਕਤੀਆਂ ਦਾ ਮੂਗਲ ਸੇਨਕਾਂ ਨੂੰ ਏਨਾ ਡਰ ਸੀ ਕਿ ਸੰਗਲਾਂ ਵਿਚ ਜਕੜਿਆ ਹੋਇਆ ਬੰਦਾ ਸਿੰਘ ਬਹਾਦਰ ਪਿੰਜਰੇ ਵਿਚ ਬੰਦ ਸੀ। ਇਕ ਮੁਗਲ ਅਫਸਰ ਨੂੰ ਜਿਹੜਾ ਉਸੇ ਹਾਥੀ ਤੇ ਬੈਠਾ ਹੋਇਆ ਜਾ ਰਿਹਾ ਸੀ ਉਸਨੂੰ ਹੁਕਮ ਸੀ ਕਿ ਜੇ ਬੰਦਾ ਸਿਘ ਬਹਾਦਰ ਭੱਜਣ ਦੀ ਕੋਸ਼ਿਸ਼ ਕਰੇ ਤਾਂ ਉਸੇ ਵੇਲੇ ਉਸਦੇ ਖੰਜਰ ਖੋਬ ਕੇ ਮਾਰ ਦੇਵੇ।ਬੰਦਾ ਸਿੰਘ ਦੇ 200 ਸਾਥੀ ਜਿਹੜੇ ਸੰਗਲਾਂ ਨਾਲ ਬੰਨ੍ਹੇ ਹੋਏ ਸਨ ਨਾਲ ਜਾ ਰਹੇ ਸਨ।ਅਬਦੁਸ ਸਮਦ ਖਾਂ ਦੇ ਪੁੱਤਰ ਜਕਰਿਆ ਖਾਂ ਨੇ ਮਹਿਸੂਸ ਕੀਤਾ ਕਿ ਬਾਦਸ਼ਾਹ ਨੂੰ ਪੇਸ਼ ਕਰਨ ਵਾਸਤੇ 200 ਕੈਦੀ ਥੋਹੜੇ ਹੋਣਗੇ, ਇਸ ਲਈ ਉਸਨੇ ਰਸਤੇ ਵਿਚ ਆਉਂਦੇ ਪਿੰਡਾਂ ਵਿੱਚੋਂ ਆਦਮੀਆਂ ਨੂੰ ਪਕੜ ਲਿਆ ਅਤੇ ਇਸ ਨਾਲ ਕੈਦੀਆਂ ਦੀ ਗਿਣਤੀ 740 ਅਤੇ ਨੇਜਿਆਂ ਤੇ ਟੰਗੇ ਸਿੱਖਾਂ ਦੀ ਗਿਣਤੀ 2000 ਹੋ ਗਈ ਇਸਤੋਂ ਅਲਾਵਾ ਸਿੱਖਾਂ ਦੇ ਸਿਰਾਂ ਨਾਲ ਲੱਦੇ 700 ਗੱਡੇ ਲੈਕੇ ਜਾ ਰਹੇ ਸਨ। ।ਇਹ ਸਾਰੀ ਵਾਹਰ 29 ਾਰਵਰੀ 1716 ਨੂੰ ਦਿੱਲੀ ਪੱਜੀ ॥ਬੰਦਾ ਸਿੰਘ ਅਤੇ ਉਸਦੇ ਸਾਥੀਆਂ ਨੂੰ ਜਲੂਸ ਦੀ ਸ਼ਕਲ ਵਿਚ ਦਿੱਲੀ ਦੀਆਂ ਮੁਖ ਗਲੀਆਂ ਵਿੱਚੋਂ ਦੀ ਲਿਜਾਇਆ ਗਿਆ ।ਜਲੂਸ ਦੇ ਅੱਗੇ ਬਾਂਸਾਂ ਉੱਤੇ ਟੰਗੇ ਹੋਏ 2000 ਸਿੱਖਾਂ ਦੇ ਸਿਰ ਲੈਕੇ ਜਾ ਰਹੇ ਸਨ ਉਨ੍ਹਾਂ ਦੇ ਲੰਮੇ ਕੇਸ ਹਵਾ ਵਿਚ ਉੱਡ ਰਹੇ ਸਨ। ਉਨ੍ਹਾਂ ਦੇ ਨਾਲ ਹੀ ਬਾਂਸ ਉੱਤੇ ਟੰਗਿਆ ਹੋਇਆ ਬਿੱਲੀ ਦਾ ਸ਼ਰੀਰ ਵੀ ਲਟਕ ਰਿਹਾ ਸੀ ਜੋ ਇਹ ਪ੍ਰਕਟ ਕਰਦਾ ਸੀ ਕਿ ਗੁਰਦਾਸ ਨੰਗਲ ਦੇ ਅਹਾਤੇ ਵਿੱਚੋਂ ਮਨੁਖ ਤਾਂ ਇਕ ਪਾਸੇ ਜਾਨਵਰ ਵੀ ਖਤਮ ਕਰ ਦਿੱਤੇ ਗਏ ਹਨ।

ਬੰਦਾ ਸਿੰਘ ਬਹਾਦਰ ਜਿਸਨੂੰ ਇਕ ਪਿੰਜਰੇ ਵਿਚ ਬੰਦ ਕਰਕੇ ਹਾਥੀ ਤੇ ਬਿਠਾਇਆ ਹੋਇਆ ਸੀ ਉਸਦਾ ਮਖੌਲ ਉਡਾਉਣ ਲਈ ਉਸਦੇ ਸਿਰ ਉੱਤੇ ਸੋਨੇ ਦੀ ਕਢਾਈ ਵਾਲੀ ਲਾਲ ਪੱਗ ਬੰਨ੍ਹੀ ਹੋਈ ਸੀ ਅਤੇ ਲਾਲ ਰੰਗ ਦੇ ਜਾਮੇ ਉੱਤੇ ਸੋਨੇ ਨਾਲ ਕੱਢੇ ਹੋਏ ਅਨਾਰ ਦੇ ਫੁੱਲ ਕੱਢੇ ਹੋਏ ਸਨ ਉਸਨੂੰ ਪੁਆਇਆ ਹੋਇਆ ਸੀ ਅਤੇ ਉਸਦੇ ਪਿੱਛੇ ਮੁਹੱਮਦ ਅਮੀਨ ਖਾਂ ਦਾ ਇਕ ਤੁਰਾਨੀ ਅਫਸਰ ਹੱਥ ਵਿਚ ਨੰਗੀ ਤਲਵਾਰ ਲੈਕੇ ਖੜਾ ਸੀ ਅਤੇ ਦੂਜੇ ਸਿਖ ਕੈਦੀ ਵੀ ਉਸਦੇ ਪਿਛੇ ਜਾ ਰਹੇ ਸਨ।ਸਿੱਖ ਦੋ ਦੋ ਕਰਕੇ ਬਗੈਰ ਕਾਠੀਅ ਤੋਂ ਊਠਾਂ ਤੇ ਬੰਨ੍ਹੇ ਹੋਏ ਸਨ ਉਨ੍ਹਾਂ ਦੇ ਸਿਰਾਂ ਓੱਤੇ ਜੋਕਰਾਂ ਵਰਗੀਆਂ ਟੋਪੀਆਂ ਰੱਖੀਆਂ ਹੋਈਆਂ ਸਨ ਜਿਹੜੀਆਂ ਭੇਡਾਂ ਦੀਆਂ ਖੱਲਾਂ ਦੀਆਂ ਬਣੀਆਂ ਹੋਈਆਂ ਸਨ ਅਤੇ ਜਿਨ੍ਹਾਂ ਵਿਚ ਸ਼ੀਸ਼ੇ ਦੇ ਮਣਕੇ ਲੱਗੇ ਹੋਏ ਸਨ । ਹਰ ਆਦਮੀ ਦਾ ਇਕ ਹੱਥ ਲਕੜੀ ਦੇ ਦੋ ਟੁਕੜਿਆਂ ਦੁਆਰਾ ਜਿਹੜੇ ਲੋਹੇ ਦੀਆਂ ਕਿੱਲਾਂ ਨਾਲ ਜੁੜੇ ਹੋਏ ਸਨ ਉਸਦੀ ਗਰਦਣ ਨਾਲ ਲਗਾ ਹੋਇਆ ਸੀ ।ਅਗਰਾਬਾਦ ਅਤੇ ਦਿੱਲੀ ਦੇ ਲਾਹੋਰੀ ਦਰਵਾਜੇ ਵਿਚਕਾਰ ਦੀ ਕਈ ਮੀਲ ਲੰਮੀ ਸੜਕ ਦੇ ਦੋਹੀਂ ਪਾਸੀਂ ਸੈਨਿਕ ਅਤੇ ਤਮਾਸ਼ਾ ਦੇਖਣ ਵਾਲੇ ਲੋਕ ਖੜੇ ਸਨ ਜਿਹੜੇ ਕੈਦੀਆਂ ਦਾ ਮਜ਼ਾਕ ਉੜਾ ਰਹੇ ਸਨ। ਮਿਰਜਾ ਮੁਹੰਮਦ ਹਾਰਸੀ ਇਬਰਤਨਾਮਾ ਦਾ ਲੇਖਕ ਇਸ ਮੌਕੇ ਤੇ ਦਿੱਲੀ ਵਿਚ ਮੋਜੂਦ ਸੀ ਉਹ ਸਭ ਕੁਝ ਇਕ ਤਮਾਸ਼ਾ ਕਹਿੰਦਿਆਂ ਹੋਇਆ ਲਿਖਦਾ ਹੈ ,ਕਿ ਬਜਾਰਾਂ ਅਤੇ ਗਲੀਆਂ ਵਿਚ ਇਤਨਾ ਭਾਰੀ ਇਕੱਠ ਸ਼ਾਇਦ ਹੀ ਪਹਿਲਾਂ ਕਦੇ ਦੇਖਿਆ ਹੋਵੇ ਮੁਸਲਮਾਨ ਖੁਸ਼ੀ ਮਨਾ ਰਹੇ ਸਨ ਪਰ ਬਦਕਿਸਮਤ ਸਿੱਖ ਜਿਨ੍ਹਾਂ ਦੀ ਇਹ ਦੁਰਦਸ਼ਾ ਕਰ ਦਿੱਤੀ ਗਈ ਸੀ ਵਾਹੇਗੁਰੂ ਦੇ ਭਾਣੇ ਨੂੰ ਮੰਨਦੇ ਹੋਏ ਖੁਸ਼ ਦਿਖਾਈ ਦੇ ਰਹੇ ਸਨ ਉਨ੍ਹਾਂ ਦੇ ਚਿਹਰਿਆਂ ਤੇ ਉਦਾਸੀ ਜਾਂ ਅਪਮਾਨ ਦੇ ਰੱਤੀ ਭਰ ਵੀ ਚਿਨ੍ਹ ਨਹੀਂ ਦਿਸ ਰਹੇ ਸਨ ਅਸਲੀਅਤ ਵਿਚ ਓਨ੍ਹਾਂ ਚੋਂ ਜਦੋਂ ਬਹੁਤ ਸਾਰੇ ਸਿੱਖ ਊਠਾਂ ਤੇ ਚੜ੍ਹੇ ਹੋਏ ਲੰਘ ਰਹੇ ਸਨ ਆਪਣੀ ਬਾਣੀ ਦੇ ਸ਼ਬਦ ਗਾਉਂਦੇ ਜਾ ਰਹੇ ਸਨ।

(ਚਲਦਾ)

# ਪੰਜਾਬੀ ਸਾਹਿਤ ਸਭਾ ਵੱਲੋਂ ਦੂਜਾ ਜਨਰਲ ਇਜਲਾਸ ਅਯੋਜਿਤ, ਸਭਾ ਅਗਲੀ ਚੋਣ ਲਈ ਭੰਗ ਵੀ ਕੀਤੀ ਗਈ

**ਬਰਨਾਲਾ (ਚੰਡਿਹੋਕ)** ਬੀਤੇ ਦਿਨੀਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਵਿਖੇ ਪੰਜਾਬੀ ਸਾਹਿਤ ਸਭਾ (ਰਜਿ) ਬਰਨਾਲਾ ਨੇ ਸਭਾ ਦਾ ਦੋ ਸਾਲਾ ਕਾਰਜਕਾਲ ਸਪੰਨ ਹੋਣ 'ਤੇ ਦੂਜਾ ਸਾਲਾਨਾ ਇਜਲਾਸ ਕਰਵਾਇਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰੈੱਸ ਸਕੱਤਰ ਤੇਜਿੰਦਰ ਚੰਡਿਹੋਕ ਨੇ ਦੱਸਿਆ ਕਿ ਇਜਲਾਸ ਦੇ ਪ੍ਰਧਾਨਗੀ ਮੰਡਲ ਵਿੱਚ ਸ਼੍ਰੋਮਣੀ ਸਾਹਿਤਕਾਰ ਓਮ ਪ੍ਰਕਾਸ਼ ਗਾਸੋ, ਸਾਹਿਤ ਅਕਾਦਮੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਬੂਟਾ ਸਿੰਘ ਚੌਹਾਨ, ਸ੍ਰ. ਮਹਿੰਦਰ ਸਿੰਘ ਰਾਹੀ, ਸ਼੍ਰੋਮਣੀ ਸਾਹਿਤਕਾਰ ਮੇਘ ਰਾਜ ਮਿੱਤਰ, ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਤੇ ਡਾ. ਉਜਾਗਰ ਸਿੰਘ ਮਾਨ ਸਸ਼ੋਭਿਤ ਸਨ। ਇਸ ਸਮੇਂ ਸਭਾ ਦੇ ਬਹੁ ਗਿਣਤੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ।

ਸਭਾ ਵੱਲੋਂ ਕੀਤੀਆਂ ਪਿਛਲੇ ਦੋ ਸਾਲ ਦੀਆਂ ਗਤੀਵਿਧੀਆਂ ਬਾਰੇ ਵਿਸਤ੍ਰਿਤ ਰਿਪੋਰਟ ਮਾਲਵਿੰਦਰ ਸ਼ਾਇਰ



ਜਨਰਲ ਸਕੱਤਰ ਨੇ ਪੜ੍ਹ ਕੇ ਸੁਣਾਈ ਜਿਸ ਤੇ ਸਮੂਹ ਮੈਂਬਰਾਂ ਨੇ ਸੰਤੁਸ਼ਟੀ ਪ੍ਰਗਟ ਕਰਦਿਆਂ ਸਭਾ ਦੇ ਕੀਤੇ ਕੰਮਾਂ ਦੀ ਪ੍ਰਸੰਸਾ ਕੀਤੀ ਅਤੇ ਕਾਰਜਕਾਰਨੀ ਮੈਂਬਰਾਂ ਨੂੰ ਵਧਾਈ ਵੀ ਦਿੱਤੀ। ਇਸ ਰਿਪੋਰਟ ਅਤੇ ਸਭਾ ਦੇ ਕੀਤੇ ਕੰਮਾਂ ਬਾਰੇ ਬੂਟਾ ਸਿੰਘ ਚੌਹਾਨ, ਡਾ ਹਰਿਭਗਵਾਨ, ਡਾ ਭੁਪਿੰਦਰ ਸਿੰਘ ਬੇਦੀ, ਭੋਲਾ ਸਿੰਘ ਸੰਘੇੜਾ, ਦਰਸ਼ਨ ਸਿੰਘ ਗੁਰੂ,ਲਛਮਣ ਦਾਸ ਮੁਸਾਫਿਰ, ਮੇਘ ਰਾਜ ਮਿੱਤਰ, ਓਮ ਪ੍ਰਕਾਸ਼ ਗਾਸੋ ਅਤੇ ਰਜਨੀਸ਼ ਕੌਰ ਬਬਲੀ, ਸੰਪੂਰਨ ਸਿੰਘ ਟੱਲੇਵਾਲੀਆ, ਗੀਤਕਾਰ ਹਾਕਮ ਸਿੰਘ ਰੂੜੇਕੇ,ਸ਼ਾਇਰ ਤਰਸੇਮ ਨੇ ਵਿਚਾਰ ਰੱਖੇ ਜਿਸ ਉਪਰ ਭਖਵੀਂ ਬਹਿਸ ਵੀ ਹੋਈ। ਉਪਰੰਤ ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਨੇ ਸਭ ਗੱਲਾਂ ਦਾ ਤਸੱਲੀਬਖ਼ਸ਼ ਜਵਾਬ ਦਿੰਦਿਆਂ ਸਭਾ ਨੂੰ ਭੰਗ ਕਰਨ ਦਾ ਐਲਾਨ ਕੀਤਾ। ਨਵੀਂ ਚੋਣ ਕਰਾਉਣ ਸੰਬੰਧੀ ਨਵੀਂ ਚੋਣ ਕਮੇਟੀ ਵੀ ਬਣਾਈ ਗਈ ਜਿਸ ਵਿੱਚ ਰਾਮ ਸਰੂਪ ਸ਼ਰਮਾ, ਡਾ ਹਰਿਭਗਵਾਨ ਅਤੇ ਡਾ. ਰਾਮਪਾਲ ਸ਼ਾਹਪੁਰੀ ਨੂੰ ਲਿਆ ਗਿਆ। ਚੋਣ ਦੀ ਮਿਤੀ 2 ਫਰਵਰੀ, 2025 ਮਿਥੀ ਗਈ।

ਇਜਲਾਸ ਵਿੱਚ ਸੀਨੀਅਰ ਮੈਂਬਰ ਮਹਿੰਦਰ ਸਿੰਘ ਰਾਹੀ ਦੀ ਭਗਤ ਧੰਨਾ ਜੀ ਬਾਰੇ ਹਿੰਦੀ ਵਿਚ ਅਨੁਵਾਦ ਪੁਸਤਕ ਲੋਕ ਅਰਪਣ ਕੀਤੀ ਗਈ ਅਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਸਭਾ ਦੇ ਖਜ਼ਾਨਚੀ ਰਾਮ ਸਰੂਪ ਸ਼ਰਮਾ ਦੀ ਭਰਜਾਈ ਬਿਮਲਾ ਦੇਵੀ ਤੇ ਭਰਾ ਬਲਦੇਵ ਕ੍ਰਿਸ਼ਨ, ਡਾ ਰਾਮਪਲ ਦੀ ਭੂਆ ਜੀ ਸ੍ਰੀਮਤੀ ਮਨਜੀਤ ਕੌਰ ਅਤੇ ਸਭਾ ਦੇ ਪ੍ਰੈਸ ਸਕੱਤਰ ਤੇਜਿੰਦਰ ਚੰਡਿਹੋਕ ਦੇ ਨਜ਼ਦੀਕੀ ਰਿਸ਼ਤੇਦਾਰ ਕੁਲਬੀਰ ਸਿੰਘ ਬਿੰਦਰਾ ਦੇ ਪਿਛਲੇ ਦਿਨੀਂ ਸਾਡੇ ਤੋਂ ਸਦਾ ਲਈ ਵਿਛੜ ਜਾਣ ਸੰਬਧੀ ਦੋ ਮਿੰਟ ਦਾ ਮੋਨ ਵੀ ਧਾਰਿਆ ਗਿਆ। ਸਭਾ ਦੇ ਜਨਰਲ ਸਕੱਤਰ ਮਾਲਵਿੰਦਰ ਸ਼ਾਇਰ ਨੇ ਸਭਾ ਵਿਚ ਵਧੀਆ ਕੰਮ ਕਰਨ ਅਤੇ ਸਭਾ ਨੂੰ ਕਾਰਜਾਂ ਸਮੇਂ ਸਹਿਯੋਗ ਦੇਣ ਕਰਕੇ ਪਾਲ ਸਿੰਘ ਲਹਿਰੀ, ਰਾਮ ਸਰੂਪ ਸ਼ਰਮਾ, ਤੇਜਿੰਦਰ ਚੰਡਿਹੋਕ , ਡਿੰਪਲ ਕੁਮਾਰ ਸ਼ਰਮਾ, ਅੰਜਨਾ ਮੇਨਨ ਦਾ ਸਿਰੋਪਾਓ ਦੇ ਕੇ ਸਨਮਾਨ ਵੀ ਕੀਤਾ।

ਇਜਲਾਸ ਵਿੱਚ ਪ੍ਰਿੰਸੀਪਲ ਕਰਮ ਸਿੰਘ ਭੰਡਾਰੀ, ਪੱਤਰਕਾਰ ਅਸ਼ੋਕ ਭਾਰਤੀ, ਸੁਖਵਿੰਦਰ ਸਨੇਹ, ਗਮਦੂਰ ਸਿੰਘ ਰੰਗੀਲਾ, ਅਸ਼ੋਕ ਭਾਰਤੀ, ਚਰਨ ਸਿੰਘ ਭੋਲਾ, ਗਿਆਨੀ ਕਰਮ ਸਿੰਘ ਭੰਡਾਰੀ, ਸੁਰਜੀਤ ਸਿੰਘ ਦਿਹੜ, ਡਾਕਟਰ ਤਰਸਪਾਲ ਕੌਰ, ਕੰਵਰਜੀਤ ਭੱਠਲ , ਰਾਮ ਸਿੰਘ ਬੀਹਲਾ, ਲਖਵਿੰਦਰ ਸਿੰਘ ਠੀਕਰੀਵਾਲਾ,ਮੇਜਰ ਸਿੰਘ ਗਿੱਲ, ਲਖਵੀਰ ਸਿੰਘ ਦਿਹੜ, ਰਾਜਿੰਦਰ ਸ਼ੌਕੀ,ਅਤੇ ਰਘਬੀਰ ਸਿੰਘ ਗਿੱਲ ਹਾਜਰ ਸਨ।

# ਮੈਗਜ਼ੀਨ ਤਾਸਮਨ ਦਾ ਬਰਨਾਲਾ ਵਿਚ ਹੋਇਆ ਲੋਕ ਅਰਪਣ

## ਤਰਸੇਮ ਵਲੋਂ ਅਨੁਵਾਦਤ ਤੇਲਗੂ ਨਾਵਲ ਵੀ ਕੀਤਾ ਰਿਲੀਜ

**ਬਰਨਾਲਾ (ਚੰਡਿਹੋਕ)** ਪਿਛਲੇ ਦਿਨੀਂ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਸਕੱਤਰ ਸ਼ਾਇਰ ਤਰਸੇਮ ਦੇ ਗ੍ਰਹਿ ਵਿਖੇ ਸਾਹਿਤਕ ਭਾਈਚਾਰੇ ਨੇ ਸਿਰਕਤ ਕੀਤੀ ਜਿਸ ਦੇ ਪਹਿਲੇ ਸੈਸ਼ਨ ਵਿੱਚ ਪੰਜਾਬੀ ਦੇ ਸਿਰੱਕਢ ਮੈਗਜ਼ੀਨ ਤਾਸਮਨ ਦੇ ਲੜੀ ਨੰਬਰ ਸੋਲਾਂ ਦਾ ਲੋਕ ਅਰਪਣ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਗ਼ਜ਼ਲਗੋ ਬੂਟਾ ਸਿੰਘ ਚੌਹਾਨ ਨੇ ਕੀਤੀ। ਇਸ ਤਾਸਮਨ ਮੈਗਜ਼ੀਨ ਦੇ ਰਿਲੀਜ਼ ਸਮੇਂ ਇਕੱਤਰ ਹੋਏ ਲੇਖਕਾਂ ਨੇ ਆਪੋ ਆਪਣੇ ਵਿਚਾਰ ਸਾਂਝੇ ਕਰਦਿਆਂ ਮੈਗਜ਼ੀਨ ਦੇ ਪ੍ਰਬੰਧਕਾਂ ਨੂੰ ਵਧਾਈ ਵੀ ਦਿੱਤੀ। ਮੈਗਜ਼ੀਨ ਬਾਰੇ ਗੱਲ ਕਰਦਿਆਂ ਤੇਜਾ ਸਿੰਘ ਤਿਲਕ ਨੇ ਕਿਹਾ ਕਿ ਤਾਸਮਨ ਅਜੋਕੀ ਪੱਤਰਕਾਰੀ ਵਿਚ ਭਰਪੂਰਤਾ ਨਾਲ ਉੱਭਰ ਰਿਹਾ ਹੈ। ਡਾਕਟਰ ਹਰੀਸ਼ ਨੇ ਪਾਏਦਾਰ ਸਮਗਰੀ ਦੀ ਗੱਲ ਕਰਦਿਆਂ ਕਿਹਾ ਕਿ ਮੈਗਜ਼ੀਨ ਹਮੇਸ਼ਾ ਨਵੀਂ ਅਤੇ ਨਰੋਈ ਸਾਹਿਤਕ ਸਮੱਗਰੀ ਪੇਸ਼ ਕਰਦਾ ਹੈ। ਡਾਕਟਰ ਰਾਮਪਾਲ ਨੇ ਇਸ ਮੈਗਜ਼ੀਨ ਦੇ ਨਾਲ ਨਾਲ ਅੱਜ ਦੇ ਮੈਗਜ਼ੀਨ ਕਲਚਰ ਦੀ ਗੱਲ ਕੀਤੀ। ਸਾਹਿਤਕਾਰ ਅਤੇ ਆਲੋਚਕ ਤੇਜਿੰਦਰ ਚੰਡਿਹੋਕ ਅਤੇ ਰਾਮ ਸਰੂਪ ਸ਼ਰਮਾ ਨੇ



ਮੈਗਜ਼ੀਨਾਂ ਨੂੰ ਦਰ ਪੇਸ਼ ਚੁਣੌਤੀਆਂ ਬਾਰੇ ਵਿਚਾਰ ਰੱਖੇ। ਪ੍ਰਧਾਨਗੀ ਕਰ ਰਹੇ ਬੂਟਾ ਸਿੰਘ ਚੌਹਾਨ ਹੁਰਾਂ ਆਪਣੇ ਭਾਸ਼ਣ ਵਿਚ ਆਰਸੀ, ਨਾਗਮਣੀ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਮੈਗਜ਼ੀਨਾਂ ਵਿਚ ਛਪ ਰਹੀ ਸਮਗਰੀ ਬਾਰੇ ਕਿਹਾ ਕਿ ਲੇਖਕਾਂ ਵਿਚ ਵੀ ਵਧੀਆ ਕੰਮ ਕਰਨ ਦੀ ਤਾਂਘ ਹੋਣੀ ਚਾਹੀਦੀ ਹੈ।

ਇਕੱਤਰਤਾ ਦੇ ਦੂਜੇ ਸੈਸ਼ਨ ਵਿੱਚ ਸ਼ਾਇਰ ਤਰਸੇਮ ਵਲੋਂ ਪੀ. ਅਸ਼ੋਕ ਕੁਮਾਰ ਦੇ ਤੇਲਗੂ ਨਾਵਲ ਦਾ ਸ਼ਾਇਰ ਤਰਸੇਮ ਵਲੋ ਪੰਜਾਬੀ ਭਾਸ਼ਾ ਵਿਚ ਕੀਤੀ ਅਨੁਵਾਦ ਪੁਸਤਕ ਜਿਗਰੀ ਨੂੰ ਵੀ ਰਲੀਜ ਕੀਤਾ ਗਿਆ ਜਿਸ ਉਪਰ ਹਾਜਰ ਵਿਦਵਾਨਾਂ ਨੇ ਵਿਚਾਰ ਚਰਚਾ ਕੀਤੀ ਅਤੇ ਤਰਸੇਮ ਨੂੰ ਵਧਾਈ ਦਿੱਤੀ। ਉਪਰੰਤ ਸ਼ਾਇਰ ਤਰਸੇਮ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਤਾਸਮਨ ਮੈਗਜ਼ੀਨ ਦੇ ਵਿਕਾਸ ਲਈ ਸ਼ੁਭ ਕਾਮਨਾਵਾਂ ਦਿੱਤੀਆਂ।

# ਮੇਰੀਆਂ ਸੰਨ 2024 ਦੀਆਂ ਪ੍ਰਾਪਤੀਆਂ "ਇੱਕ ਪੰਛੀ ਝਾਤ"

ਦੋਸਤੋ ਮੇਰੇ ਸਾਹਿਤਕ ਖੇਤਰ ਵਿੱਚ ਸੰਨ 2024 ਬਹੁਤ ਹੀ ਮਹੱਤਵਪੂਰਨ ਰਿਹਾ। ਮੈਨੂੰ ਤੇ ਮੇਰੀਆਂ ਲਿਖਤਾਂ ਨੂੰ ਮੇਰੇ ਰੱਬ ਵਰਗੇ ਪਾਠਕਾਂ ਨੇ ਭਰਭੂਰ ਹੁੰਗਾਰਾ ਦਿੱਤਾ। ਮੇਰੀ ਕਲਮ ਦੀਆਂ ਦੁਆਵਾਂ ਮੰਗੀਆਂ ਤੇ ਦਾਸ ਨੇ ਵੀ ਹਰ ਵਿਸ਼ੇ ਤੇ ਹਰ ਸਮੇਂ ਲਿਖ ਕੇ ਖੂਬ ਨਮਾਣਾ ਖੱਟਿਆ, ਦੱਬੇ ਕੁੱਚਲੇ ਕਿਰਤੀ ਕਾਮਿਆਂ ਦੀ ਅੰਦਰਲੀ ਹਾਲਤ ਨੂੰ ਬਿਆਨਿਆਂ, ਤੇ ਬਾਲ ਕਵਿਤਾਵਾਂ ਲਿਖ ਕੇ ਬੱਚਿਆਂ ਦਾ ਖੂਬ ਮਨੋਰੰਜਨ ਕੀਤਾ। ਇਸ ਸਾਲ ਵਿੱਚ ਸੈਂਕੜੇ ਲਿਖਤਾਂ ਵੱਖ ਵੱਖ ਅਖ਼ਬਾਰਾਂ, ਮੈਗਜੀਨਾਂ ਵਿੱਚ ਛਪੀਆਂ, ਹਰ ਇੱਕ ਅਖ਼ਬਾਰ ਦੇ ਸੰਪਾਦਕ ਜੀ ਨੇ ਮੇਰੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਆਪਣਿਆਂ, ਪ੍ਰਸਿੱਧ ਅਖ਼ਬਾਰਾਂ, ਰਸਾਲਿਆਂ, ਸਾਂਝੇ ਕਾਵਿ ਸੰਗ੍ਰਹਿ ਵਿੱਚ ਛਾਪਿਆ। ਸ਼ਾਇਦ ਹੀ ਕੋਈ ਅਜਿਹਾ ਅਖ਼ਬਾਰ, ਮੈਗਜੀਨ ਦੇਸ਼ਾਂ ਵਿਦੇਸ਼ਾਂ ਵਿੱਚ ਰਿਹਾ ਹੋਵੇ।, ਜਿੱਥੇ ਦਾਸ ,ਹਰਪ੍ਰੀਤ ਪੱਤੋ, ਨਾ ਛਪਿਆ ਹੋਵੇ। ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਲਿਖਤਾਂ ਜੋ ਕਿਸੇ ਵੀ ਵਿਸ਼ੇ ਨਾਲ ਸਬੰਧਤ ਸੀ। ਉਹਨਾਂ ਵਿੱਚ ਬਹੁਤ ਵੱਡਾ ਸੁਨੇਹਾ ਜ਼ਰੂਰ ਸੀ।



ਮੇਰੀਆਂ ਲਿਖਤਾਂ ਸਕੂਲਾਂ ਕਾਲਜਾਂ, ਵੱਖ ਵੱਖ ਚੈਨਲਾਂ, ਢ ਰੇਡੀਓ ਤੇ ਵੀ ਪੜ੍ਹੀਆਂ ਗਈਆਂ।

ਮੱਹਤਵਪੂਰਨ ਗੱਲ! ਮੇਰੇ ਪਿੰਡ ਪੱਤੋ ਹੀਰਾ ਸਿੰਘ ਵਿਖੇ ਸੀਨੀਅਰ ਸੈਕੰਡਰੀ ਸਕੂਲ ਦੀ ਸੌ ਸਾਲਾਂ ਸ਼ਤਾਬਦੀ 9-12-24 ਨੂੰ ਮਨਾਈ ਗਈ। ਜਿਸ ਵਿੱਚ ਦਾਸ ਦੀ ਲਿਖਤ ਪ੍ਰਸੰਸਾ ਪੱਤਰ ਨੂੰ ਪ੍ਰਿੰਸੀਪਲ ਸਾਹਬ ਤੇ ਸਟਾਫ ਵੱਲੋਂ ਸੌ ਸਾਲਾਂ ਰਿਕਾਰਡ ਵਿੱਚ ਸ਼ਾਮਲ ਕੀਤਾ ਗਿਆ।

ਅਖੀਰ ਵਿੱਚ; ਪ੍ਰਮਾਤਮਾ ਕ੍ਰਿਪਾ ਕਰੇ ਸੰਨ 2025 ਮੇਰੇ ਪਾਠਕ ਸਾਹਿਬਾਨਾਂ ਨੂੰ ਮੇਰੀਆਂ ਹੋਰ ਲਿਖਤਾਂ ਪੜ੍ਹਨ ਨੂੰ ਮਿਲਣ ਤੇ ਮੈਂ ਹੋਰ ਵਧੀਆ ਲਿਖ ਕੇ ਪਾਠਕਾਂ ਦਾ ਮਨੋਰੰਜਨ ਕਰਾ ਤੇ ਮੇਰੇ ਗਿਆਨ ਵਿੱਚ ਵਾਧਾ ਹੋਵੇ।

**ਦਾਸ ਹਰਪ੍ਰੀਤ ਪੱਤੋ**

**ਸੰਪਰਕ 94658-21417**

# ਸੁਰ ਸੰਗੀਤ ਸੰਸਥਾ ਦੋਆਬਾ ਬੰਗਾ ਵੱਲੋਂ ਛੋਟੇ ਸਾਹਿਬਜ਼ਾਦਿਆਂ ਮਾਂ ਗੁਜਰੀ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਦੁੱਧ ਅਤੇ ਬਿਸਕੁਟਾਂ ਦਾ ਲੰਗਰ ਲਗਾਇਆ ਗਿਆ

**ਬੰਗਾ ( ਚਰਨਜੀਤ ਸੱਲ੍ਹਾ)** ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ ਵੱਲੋਂ ਛੋਟੇ ਸਾਹਿਬਜ਼ਾਦਿਆਂ ਮਾਂ ਗੁਜਰੀ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਦੁੱਧ ਦੇ ਲੰਗਰ ਲਗਾਏ!

ਪੋਹ ਦੇ ਮਹੀਨੇ ਦੇ ਇਹ ਦਿਨ ਸਿੱਖ ਇਤਿਹਾਸ ਦੇ ਬੜੇ ਹੀ ਦਰਦੀਲੇ ਹਨ ਕ ਇਹਨਾਂ ਦਿਨਾਂ ਵਿਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ ਅਨੇਕਾਂ ਸਿੰਘ ਸ਼ਹੀਦ ਹੋ ਗਏ ਕ ਸ਼੍ਰੀ ਆਨੰਦਪੁਰ ਸਾਹਿਬ ਦਾ ਕਿਲਾ ਛੱਡਣ ਤੋਂ ਲੈ ਕੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਸ਼ਹਾਦਤ ਤੱਕ ਦੀ ਦੁੱਖ ਭਰੀ ਦਾਸਤਾਨ ਨੂੰ ਕੋਟਿਨ ਕੋਟਿ ਪ੍ਰਣਾਮ ਹੈ।ਸੁਰ ਸੰਗੀਤ ਸੰਸਥਾ ਦੋਆਬਾ ਬੰਗਾ ਦੇ ਕਲਾਕਾਰਾਂ,ਸੰਗੀਤਕਾਰਾਂ,ਕੇ ਗੀਤਕਾਰਾਂ ਵਲੋਂ ਇਹਨਾਂ ਮਹਾਨ ਸ਼ਹਾਦਤਾਂ ਨੂੰ ਮੁੱਖ ਰੱਖ ਕੇ ਗੜ੍ਹਸ਼ੰਕਰ ਚੌਕ ਬੰਗਾ ਵਿਖੇ ਦੁੱਧ ਅਤੇ ਬਿੱਸਕੁੱਟਾ ਦੇ ਲੰਗਰ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਲਗਾਏ ਗਏ ਸੰਸਥਾ ਦੇ ਸਾਰੇ ਮੈਂਬਰਾਂ ਹੱਥੀਂ ਸੇਵਾ ਕਰਕੇ ਸ਼ਹੀਦਾਂ ਨੂੰ ਕੋਟਿ-ਕੋਟਿ ਪ੍ਰਣਾਮ ਕੀਤਾ ਇਸ ਮੌਕੇ ਸੰਸਥਾ ਦੇ ਪ੍ਰਧਾਨ ਰਾਜ ਦਦਰਾਲ,ਜਰਨਲ ਸਕੱਤਰ ਮਾਃਮੱਖਣ ਬਖਲੌਰ,ਖ਼ਜ਼ਾਨਚੀ ਜਗਦੀਸ਼



ਜਾਡਲਾ,ਵਾਇਸ ਪ੍ਰਧਾਨ ਵਿਜੇ ਗੁਣਾਚੌਰ ਸਕੱਤਰ ਹਰਦੀਪ ਦੀਪਾ,ਵਿੱਤਸਕੱਤਰ ਦਵਿੰਦਰ ਰੂਹੀ,ਮੁੱਖ ਸਲਾਹਕਾਰ ਗੀਤਕਾਰ ਦੀਪ ਅਲਾਚੌਰੀਆ,ਨਿੰਰਮਲ ਨਿੰਮਾ,ਲੱਕੀ ਹਿਆਲਾ,ਰਾਜ ਮਨਰਾਜ,ਰਾਮ ਮੌਜੀ,ਪਰਸ਼ੋਤਮ ਬੰਗੜ,ਵਿਸ਼ੇਸ਼ ਤੌਰ ਤੇ ਬਸਪਾ ਆਗੂ ਪਰਵੀਨ ਬੰਗਾ,ਜੈ ਪਾਲ ਸੁੰਡਾ,ਹਰਮੇਸ ਵਿਰਦੀ,ਰਵਿੰਦਰ ਮਹਿੰਮੀ ਬੰਗਾ,ਲੱਖਾ ਭੱਰੋਮਜਾਰਾ, ਦਵਿੰਦਰ ਬੀਸਲਾ,ਮਿਸ਼ਨਰੀ ਗਾਇਕ ਐਸ.ਐਸ.ਅਜਾਦ,ਹਰਦੇਵ ਚਾਹਲ, ਸੁਰਿੰਦਰ ਥਾਦੀ ਕਨੇਡਾ,ਅਮਨਪ੍ਰੀਤ ਸਿੰਘ ਝਿੱਕਾ,ਜਗਦੀਸ਼ ਕੌਰ, ਕਮਲਜੀਤ ਕੌਰ, ਰੀਟਾ ਸਿੱਧੂ, ਹਰਦੀਪ ਬੱਲ, ਮਹੇਸ਼ ਸਾਜਨ, ਪੱਤਰਕਾਰ ਸਰਿੰਦਰ ਕਰਮ, ਨਰਿੰਦਰ ਮਾਹੀ, ਜੱਸੀ ਨਿਗਾਹ, ਕ੍ਰਿਸ਼ਨ ਹੀਓ, ਸੋਨੀ ਸਰੋਆ, ਦਲਜੀਤ ਬਾਲੀ, ਪਵਨਦੀਪ ਬੀਸ਼ਲਾ,ਸਤਨਾਮ ਸੂਰਮਾ ਭਵ-ਮਨਰਾਜ ਜੀ ਪਹੁੰਚੇ।

# ਵਿਧਾਨ ਸਭਾ ਚੋਣਾਂ 'ਚ ਕੇਜਰੀਵਾਲ ਦੀਆਂ ਚਾਲਾਂ ਤੋਂ ਹੁਣ ਦਿੱਲੀ ਵਾਸੀ ਗੁੰਮਰਾਹ ਨਹੀਂ ਹੋਣਗੇ: ਐਡਵੋਕੇਟ ਸ਼ਮਸ਼ੇਰ ਭਾਰਦਵਾਜ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਜਿਵੇਂ-ਜਿਵੇਂ ਦਿੱਲੀ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਤਿਉਂ-ਤਿਉਂ ਦਿੱਲੀ ਵਿੱਚ ਵੱਧ ਰਹੇ ਚੋਣ ਪ੍ਰਚਾਰ ਦਰਮਿਆਨ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੋਟਰਾਂ ਨੂੰ ਭਰਮਾਂਉਣ ਦੀਆ ਨਵੀਆਂ ਨਵੀਆਂ ਸਕੀਮਾਂ ਘੜ ਰਹੇ ਹਨ । ਕੇਜਰੀਵਾਲ ਵਲੋਂ ਹਰ ਤਰੀਕਾ ਵਰਤ ਕੇ ਚੋਣਾਂ ਜਿੱਤਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਐਸਸੀ ਵਿੰਗ ਦੇ ਜਿਲ੍ਹਾ ਸਹਿਰੀ ਪ੍ਰਧਾਨ ਐਡਵੋਕੇਟ ਸਮਸ਼ੇਰ ਸਿੰਘ ਭਾਰਦਵਾਜ ਨੇ ਸਾਡੇ ਪੱਤਰਕਾਰ ਨਾਲ ਇੱਕ ਵਾਰਤਾ ਦੌਰਾਨ ਕੀਤਾ !

ਉਹਨਾਂ ਕਿਹਾ ਕਿ ਕੇਜਰੀਵਾਲ ਵਲੋਂ ਦਿੱਲੀ ਦੀਆਂ ਔਰਤਾਂ ਨੂੰ 2100 /- ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਵੀ ਮੰਨਣਯੋਗ ਨਹੀਂ ਹੈ ਕਿਉਂਕਿ ਪਹਿਲਾਂ ਪੰਜਾਬ ਦੀਆਂ ਔਰਤਾਂ ਨਾਲ ਧੋਖਾ ਕਰਕੇ ਉਨ੍ਹਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਦਾ ਲਾਲਚ ਦੇ ਕੇ ਆਮ ਆਦਮੀ ਪਾਰਟੀ ਨੇ ਆਪਣੀ ਸਰਕਾਰ ਬਣਾਈ ਸੀ ਪਰ



ਸਰਕਾਰ ਬਣਨ ਤੋਂ ਬਾਅਦ ਆਮ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਵਾਅਦੇ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ । ਉਹਨਾਂ ਕਿਹਾ ਕਿ ਹੁਣ ਤੱਕ ਪੰਜਾਬ ਦੀਆ ਔਰਤਾ ਆਮ ਆਦਮੀ ਪਾਰਟੀ ਵਲੋਂ ਔਰਤਾ ਨਾਲ ਕੀਤੇ ਵਾਅਦੇ ਮੁਤਾਬਿਕ ਭਗਵੰਤ ਮਾਨ ਅਤੇ ਕੇਜਰੀਵਾਲ ਤੋਂ ਪੈਸੇ ਲੈਣ ਦੀਆ ਹੱਕਦਾਰ ਬਣ ਚੁੱਕੀਆ ਹਨ । ਉਹਨਾਂ ਕਿਹਾ ਕਿ ਪੰਜਾਬ ਵਾਂਗ ਦਿੱਲੀ ਦੀ ਆਰਥਿਕ ਹਾਲਤ ਪਹਿਲਾਂ ਹੀ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਦੇ ਮਾੜੇ ਪ੍ਰਬੰਧਾਂ ਕਾਰਨ ਖ਼ਰਾਬ ਹੋ ਚੁੱਕੀ ਹੈ,ਇਸ ਕਰਕੇ ਅਜਿਹੇ ਵਿੱਚ ਸਰਕਾਰੀ ਖ਼ਜ਼ਾਨੇ ਵਿੱਚੋਂ ਹਰ ਔਰਤ ਨੂੰ 2100 ਰੁਪਏ ਪ੍ਰਤੀ ਮਹੀਨਾ ਦੇਣਾ ਸੰਭਵ ਨਹੀਂ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਦਿਨੋਂ ਦਿਨ ਕਰਜ਼ੇ ਦੀ ਪੰਡ ਭਾਰੀ ਹੁੰਦੀ ਜਾ ਰਹੀ ਹੈ ਅਤੇ ਪੰਜਾਬ ਦੀ ਤਰੱਕੀ ਦੇ ਸਾਰੇ ਰਸਤੇ ਬੰਦ ਹੋ ਗਏ ਹਨ ! ਉਹਨਾਂ ਕਿਹਾ ਕਿ ਅਜਿਹੇ ਵਿੱਚ ਦਿੱਲੀ ਵਿੱਚ ਹੋਣ ਜਾ ਰਹੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਦਿੱਲੀ ਦੀਆ ਔਰਤਾ ਨੂੰ ਹਰ ਮਹੀਨੇ 2100/- ਰੁਪਏ ਦੇਣ ਦੇ ਵਾਅਦੇ ਦੀ ਜਾਂਚ ਕਰਵਾਉਣੀ ਬਣਦੀ ਹੈ।

# ਨੰਬਰਦਾਰ ਯੂਨੀਅਨ ਟਾਂਡਾ ਵੱਲੋਂ ਨਵੇਂ ਸਾਲ ਦੀ ਖੁਸ਼ੀ ਮੌਕੇ ਕਰਵਾਏ ਜਾ ਰਹੇ ਸਮਾਗਮ ਦਾ ਡੀ ਸੀ ਹੁਸ਼ਿਆਰਪੁਰ ਨੂੰ ਦਿੱਤਾ ਸੱਦਾ ਪੱਤਰ

**ਹੁਸ਼ਿਆਰਪੁਰ, ,( ਤਰਸੇਮ ਦੀਵਾਨਾ )** ਨੰਬਰਦਾਰ ਯੂਨੀਅਨ ਟਾਂਡਾ ਵੱਲੋਂ ਨਵੇਂ ਸਾਲ ਦੀ ਖੁਸ਼ੀ ਮੌਕੇ 1 ਜਨਵਰੀ ਦਿਨ ਬੁੱਧਵਾਰ ਨੂੰ ਸਰਬੱਤ ਦੇ ਭਲੇ ਲਈ ਤਹਿਸੀਲ ਟਾਂਡਾ ਵਿਖੇ ਕਰਵਾਏ ਜਾ ਰਹੇ ਸਮਾਗਮ ਲਈ। ਅੱਜ ਨੰਬਰਦਾਰ ਯੂਨੀਅਨ ਟਾਂਡਾ ਵਲੋਂ ਡੀ ਸੀ ਹੁਸ਼ਿਆਰਪੁਰ ਮੈਡਮ ਕੋਮਲ ਮਿੱਤਲ ਨੂੰ ਸੱਦਾ ਪੱਤਰ ਦਿੰਦਿਆਂ ਨੰਬਰਦਾਰ ਯੂਨੀਅਨ ਟਾਂਡਾ ਦੇ ਡਵੀਜਨ ਪ੍ਰਧਾਨ ਲਖਵੀਰ ਸਿੰਘ ਦਵਾਖਰੀ, ਤਹਿਸੀਲ ਪ੍ਰਧਾਨ ਜਸਪਾਲ ਸਿੰਘ ਲੋਧੀਚੱਕ, ਕੈਸ਼ੀਅਰ ਨੰਬਰਦਾਰ ਦਰਬਾਰਾ ਸਿੰਘ, ਪ੍ਰੈੱਸ ਸਕੱਤਰ ਸੁਖਵਿੰਦਰ ਸਿੰਘ ਮੂਨਕ, ਨੰਬਰਦਾਰ ਕਿਰਪਾਲ ਸਿੰਘ ਪੰਡੋਰੀ, ਨੰਬਰਦਾਰ ਨਛੱਤਰ ਸਿੰਘ ਸੀਕਰੀ, ਨੰਬਰਦਾਰ ਤਜਿੰਦਰ ਸਿੰਘ ਬੁੱਢੀ ਪਿੰਡ, ਨੰਬਰਦਾਰ ਇਕਬਾਲ ਸਿੰਘ ਸਾਬੀ ਮੂਨਕ ਕਲਾਂ ਨੇ ਕਿਹਾ ਕਿ 1 ਜਨਵਰੀ ਨੂੰ ਸਵੇਰੇ 10 ਵਜੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਆਰੰਭ ਕੀਤੇ ਜਾਣਗੇ। ਜਿਹਨਾਂ ਦੇ ਭੋਗ ਪਾਉਣ ਉਪਰੰਤ ਖੁੱਲੇ ਪੰਡਾਲ ਵਿੱਚ ਸ਼ਬਦ ਕੀਰਤਨ ਹੋਣਗੇ ਤੇ ਸਾਰੀ ਸੰਗਤ ਦਾ ਨੰਬਰਦਾਰ ਯੂਨੀਅਨ ਵੱਲੋ ਧੰਨਵਾਦ ਕੀਤਾ ਜਾਵੇਗਾ। ਇਸ ਮੌਕੇ ਚਾਹ ਦੇ ਲੰਗਰ ਤੇ ਗੁਰ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਇਸ ਮੌਕੇ ਨੰਬਰਦਾਰ ਯੂਨੀਅਨ ਨੇ ਸਮੂਹ ਨੰਬਰਦਾਰਾਂ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਬੇਨਤੀ ਕੀਤੀ। ਇਸ ਮੌਕੇ ਸੰਤ ਬਾਬਾ ਗੁਰਦਿਆਲ ਸਿੰਘ



ਜੀ ਟਾਂਡੇ ਵਾਲੇ, ਸੰਤ ਬਾਬਾ ਤੇਜਾ ਸਿੰਘ ਜੀ ਖੁੱਡੇ ਵਾਲੇ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਮੈਡਮ ਕੋਮਲ ਮਿੱਤਲ, ਐਸ ਐਸ ਪੀ ਹੁਸ਼ਿਆਰਪੁਰ ਸੁਰੇਂਦਰ ਲਾਂਬਾ, ਏ ਡੀ ਸੀ ਹੁਸ਼ਿਆਰਪੁਰ ਰਾਹੁਲ ਚਾਬਾ, ਐਸ ਡੀ ਐਮ ਟਾਂਡਾ ਪੰਕਜ ਕੁਮਾਰ ਬਾਂਸਲ, ਤਹਿਸੀਲਦਾਰ ਟਾਂਡਾ ਹਰਮਿੰਦਰ ਸਿੰਘ ਨਰਵਾਲ, ਨਾਇਬ ਤਹਿਸੀਲਦਾਰ ਗੁਰਪ੍ਰੀਤ ਸਿੰਘ ਨੰਬਰਦਾਰ ਯੂਨੀਅਨ ਦੇ ਪੰਜਾਬ ਪ੍ਰਧਾਨ ਗੁਰਪਾਲ ਸਿੰਘ ਸਮਰਾ, ਜਿਲਾ ਪ੍ਰਧਾਨ ਜਸਵੰਤ ਸਿੰਘ ਰੰਧਾਵਾ, ਐਮ ਐੱਲ ਏ ਟਾਂਡਾ ਜਸਵੀਰ ਸਿੰਘ ਰਾਜਾ, ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆ, ਹਲਕਾ ਇੰਚਾਰਜ ਅਰਵਿੰਦਰ ਸਿੰਘ ਰਸੂਲਪੁਰ, ਲਖਵਿੰਦਰ ਸਿੰਘ ਲੱਖੀ ਜਿਲਾ ਪ੍ਰਧਾਨ, ਸਾਬਕਾ ਮੰਤਰੀ ਚੌਧਰੀ ਬਲਵੀਰ ਸਿੰਘ ਮਿਆਣੀ, ਚੇਅਰਮੈਨ ਹਰਮੀਤ ਸਿੰਘ ਔਲਖ, ਸਰਬਜੀਤ ਸਿੰਘ ਗੋਲਡੀ ਦਸੂਹਾ, ਸੱਤਪਾਲ ਸਿੰਘ ਮਲਤਾਨੀ, ਜਥੇਦਾਰ ਤਾਰਾ ਸਿੰਘ ਸੱਲਾ, ਡਾਇਰੈਕਟਰ ਹੁਸ਼ਿਆਰਪੁਰ ਕੌਅਪਰੇਟਿਵ ਬੈਕਾ ਰਣਬੀਰ ਸਿੰਘ ਨੱਥੂਪੁਰ ਤੋ ਇਲਾਵਾ ਪਟਵਾਰੀ ਸਹਿਬਾਨ , ਗਰਦਾਵਰ ਸਹਿਬਾਨ ਤੇ ਇਲਾਕੇ ਦੀਆਂ ਨਾਮਵਰ ਸ਼ਖਸੀਅਤਾਂ ਪਹੁੰਚਣਗੀਆਂ। ਜਿਹਨਾ ਦਾ ਨੰਬਰਦਾਰ ਯੂਨੀਅਨ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

ਫੋਟੋ ਕੈਪਸਨ-ਨੰਬਰਦਾਰ ਯੂਨੀਅਨ ਟਾਂਡਾ ਵੱਲੋਂ ਡੀ ਸੀ ਹੁਸ਼ਿਆਰਪੁਰ ਮੈਡਮ ਕੋਮਲ ਮਿੱਤਲ ਨੂੰ ਨਵੇਂ ਸਾਲ ਦੇ ਸਮਾਗਮ ਦਾ ਸੱਦਾ ਪੱਤਰ ਦਿੰਦੇ ਨੰਬਰਦਾਰ ਸਹਿਬਾਨ।

# ਸਾਬਕਾ ਫੌਜੀ ਨੂੰ ਅੱਠ ਘੰਟੇ ਡਿਜੀਟਲ ਅਰੈਸਟ ਰੱਖ ਕੇ ਸਾਈਵਰ ਠੱਗਾਂ ਨੇ 10.50 ਲੱਖ ਦੀ ਮਾਰੀ ਠੱਗੀ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**

ਸਾਈਬਰ ਠੱਗਾਂ ਵਲੋਂ ਸਾਬਕਾ ਫੌਜੀ ਨੂੰ ਅੱਠ ਘੰਟੇ ਡਿਜੀਟਲ ਅਰੈਸਟ ਰੱਖ ਕੇ ਸਾਢੇ ਦਸ ਲੱਖ ਰੁਪਏ ਦੀ ਠੱਗੀ ਮਾਰਨ ਦਾ ਸਮਾਚਾਰ ਹੈ। ਘਟਨਾ ਸੋਮਵਾਰ 23 ਦਸੰਬਰ ਦੀ ਦੱਸੀ ਜਾਂਦੀ ਹੈ। ਗੜ੍ਹਸ਼ੰਕਰ ਦੇ ਬੀਤ ਇਲਾਕੇ ਦੇ ਪਿੰਡ ਸੇਖੋਵਾਲ ਦੇ ਰਮੇਸ਼ ਸ਼ਰਮਾਂ (ਜੋ ਕਿ ਭਾਰਤੀ ਫੌਜ ਤੋਂ ਸੂਬੇਦਾਰ ਰਿਟਾਇਰ ਹੈ) ਨੇ ਦੱਸਿਆ ਕਿ ਸੋਮ ਵਾਰ 23 ਦਸੰਬਰ ਨੂੰ ਸਵੇਰੇ ਕਰੀਬ 10 ਕੁ ਵਜੇ ਉਹਨਾਂ ਨੂੰ +6695522510 ਵਿਦੇਸ਼ੀ ਨੰਬਰ ਤੋਂ ਕਾਲ ਆਈ ਅਤੇ ਬਾਅਦ ਵਿੱਚ ਠੱਗ ਵਲੋਂ ਪੁਲਿਸ ਅਫਸਰ ਦਸ ਕੇ ਵੀਡੀਓ ਕਾਲ ਕੀਤੀ ਤੇ ਮੈਨੂੰ ਦੱਸਿਆ ਕਿ ਮੈ ਅੰਧੇਰੀ ਮੁੰਬਈ ਪੁਲਿਸ ਸਟੇਸ਼ਨ ਤੋਂ ਪੁਲਿਸ ਇੰਸਪੈਕਟਰ ਬੋਲ ਰਿਹਾ ਹਾਂ। ਤੁਹਾਡੇ ਖਿਲਾਫ ਮਨੀ ਲਾਂਡਰਿੰਗ ਦਾ ਮਾਮਲਾ ਦਰਜ ਹੋਇਆ ਹੈ। ਤੁਸੀਂ ਆਪਣਾ ਅਧਾਰ ਕਾਰਡ ਭੇਜੋ ਅਸੀ ਕੰਨਫਰਮ ਕਰਨਾ ਹੈ। ਅਧਾਰ ਕਾਰਡ ਨੰਬਰ ਦੱਸਣ ਤੋਂ ਬਾਅਦ ਉਹਨਾਂ ਕਿਹਾ ਕਿ ਤੁਹਾਡੇ ਵਿਰੁੱਧ 20 ਮਾਮਲੇ ਦਰਜ ਹਨ । ਉਹਨਾਂ ਦੱਸਿਆ ਕਿ ਸੰਗਰੂਰ ਦੇ ਨਰੇਸ਼ ਗੋਇਲ ਵਲੋਂ ਮਨੀ ਲਾਂਡਰਿੰਗ ਰਾਹੀਂ 2 ਕਰੋੜ ਦੀ ਠੱਗੀ ਮਾਰ ਕੇ ਤੁਹਾਡੇ ਕੇਨਰਾ ਬੈਂਕ ਵਾਲੇ ਖਾਤੇ ਵਿੱਚ 20 ਲੱਖ ਰੁਪਏ ਟਰਾਂਸਫਰ ਕੀਤੇ ਹਨ। ਇਸ ਲਈ ਤੁਹਾਡੇ ਗ੍ਰਿਫਤਾਰੀ ਵਾਰੰਟ ਨਿਕਲੇ ਹਨ ਤੁਹਾਨੂੰ ਅਰੈਸਟ ਕਰਨਾ ਹੈ। ਇਹ ਕਹਿ ਕੇ ਉਨਾਂ ਇੱਕ ਹੋਰ ਠੱਗ ਨਾਲ ਇਹ ਕਹਿ ਕੇ ਗਲ ਕਰਵਾਈ ਕਿ ਡੀ ਜੀ ਪੀ ਸਾਹਿਬ ਨਾਲ ਗੱਲ ਕਰੋ ਤੇ ਡੀ ਜੀ ਪੀ ਬਣੇ ਠੱਗ ਨੇ ਕਿਹਾ ਕਿ ਤੁਹਾਡਾ ਕੇਸ ਮੇਰੇ ਪਾਸ ਹੈ ਮੈ ਕੇਸ ਨੂੰ ਰਫਾ ਦਫਾ ਕਰ ਦਿੰਦਾ ਹਾਂ ਜੇ ਕਰ ਤੁਸੀ ਇੱਕ ਖਾਤੇ ਵਿੱਚ 20 ਲੱਖ ਰੁਪਏ ਆਰ ਟੀ ਜੀ ਐਸ ਰਾਹੀਂ ਟਰਾਂਸਫਰ ਕਰ ਦਿਓ ਨਹੀਂ ਤਾ ਤੁਹਾਨੂੰ ਮੁੰਬਈ ਆਉਣਾ ਪਵੇਗਾ ਅਤੇ ਵੀਡੀਓ ਕਾਲ ਚ੍ਲਦੀ ਰੱਖਣ ਤੇ ਕਿਸੇ ਵੀ ਪਰਿਵਾਰਿਕ ਮੈਂਬਰ ਨਾਲ ਗੱਲ ਸਾਂਝੀ ਨਾ ਕਰਨ ਦੀ ਚਿਤਾਵਨੀ ਵੀ ਦਿੱਤੀ। ਇਸ ਤੋਂ ਬਾਅਦ ਸਾਬਕਾ ਫੌਜੀ ਵਲੋਂ ਪੰਜਾਬ ਨੈਸ਼ਨਲ ਬੈਂਕ ਦੀ ਬਰਾਂਚ ਪੋਜੇਵਾਲ ਵਿੱਚ ਜਾ ਕੇ ਠੱਗਾਂ ਵਲੋਂ ਦਿੱਤੇ ਮਹਾਰਾਸ਼ਟਰਾ ਬੈਂਕ ਗਾਜੀਆਬਾਦ ਬ੍ਰਾਂਚ ਦੇ ਖਾਤਾਂ ਨੰਬਰ 60518542360 ਆਈਐਫਐਸਸੀ ਕੋਡ ਐਮ ਏ ਐਚ ਬੀ 0001332 ਵਿੱਚ ਸਾਢੇ ਦਸ ਲੱਖ ਰੁਪਏ ਸ਼ਾਮ ਨੂੰ 4.57 ਵਜੇ ਟਰਾਂਸਫਰ ਕੀਤੇ ਜੋ ਖਾਤਾ ਜੋਤੀ ਪੁੱਤਰੀ ਹਰੀਸ਼ ਚੰਦਰ ਨਾਮਕ ਔਰਤ ਦੇ ਨਾਮ ਤੇ ਦੱਸਿਆ ਜਾਂਦਾ ਹੈ। ਪਤਾ ਲੱਗਾ ਕਿ ਠੱਗਾਂ ਵਲੋਂ ਅਧੇ ਘੰਟੇ ਬਾਅਦ ਉਕਤ ਰਕਮ ਕਿਸੇ ਹੋਰ ਖਾਤੇ ਵਿੱਚ ਟਰਾਂਸਫਰ ਕਰ ਦਿੱਤੀ ਗਈ। ਇਸ ਤੋਂ ਇੱਕ ਘੰਟੇ ਬਾਅਦ ਰਮੇਸ਼ ਸ਼ਰਮਾ ਨੂੰ ਠੱਗੇ ਜਾਣ ਦਾ ਅਹਿਸਾਸ ਹੋਇਆ। ਫਿਰ ਠੱਗਾਂ ਨੇ ਕਿਹਾ ਕਿ ਤਿੰਨ ਲੱਖ ਰੁਪਏ ਹੋਰ ਦਿਓ ਜੋ ਕਿ ਸਕਿਉਰਿਟੀ ਫੀਸ ਹੈ। ਪਰ ਰਮੇਸ਼ ਸ਼ਰਮਾਂ ਨੇ ਕੋਲ ਹੋਰ ਰਕਮ ਨ ਹੋਣ ਕਾਰਣ ਉਹਨਾਂ ਤੋਂ ਦੋ ਦਿਨਾਂ ਦਾ ਸਮਾਂ ਮੰਗਿਆ। ਜਿਕਯੋਗ ਹੈ ਕਿ ਠੱਗਾਂ ਵਲੋਂ ਜਿੰਨਾ 5 ਵੱਖ ਵੱਖ ਫੋਨਾਂ ਤੋ ਕਾਲਿੰਗ ਕੀਤੀ ਗਈ ਸਾਰਿਆ ਦੀ ਡੀ ਪੀ ਤੇ ਪੁਲਿਸ ਦੇ ਵੱਡੇ ਅਫਸਰਾਂ ਦੇ ਫੋਟੋ ਲੱਗੇ ਹਨ। ਇਸ ਤੋਂ ਬਾਅਦ ਹੁਣ ਵੀ ਲਗਾਤਾਰ ਠੱਗਾਂ ਵਲੋਂ ਪਲਿਸ ਅਫਸਰਾਂ ਦੀਆਂ ਫੋਟੋ ਵਾਲੀਆਂ ਡੀ ਪੀ ਲੱਗੇ ਫੋਨਾਂ ਤੋਂ ਕਾਲਾਂ ਆ ਰਹੀਆਂ ਹਨ ਪਰ ਰਮੇਸ਼ ਸ਼ਰਮਾਂ ਫੋਨ ਨਹੀ ਚੁੱਕ ਰਹੇ। ਇਸ ਸਬੰਧੀ ਰਮੇਸ਼ ਕੁਮਾਰ ਸ਼ਰਮਾਂ ਵਲੋਂ ਸਾਈਬਰ ਕਰਾਈਮ ਵਿੱਚ ਸ਼ਿਕਾਇਤ ਕਰ ਦਿੱਤੀ ਗਈ ਹੈ। ਜਿਕਰਯੋਗ ਹੈ ਕਿ ਜਿਲ੍ਹਾ ਹੁਸ਼ਿਆਰਪੁਰ ਵਿੱਚ ਆਪਣੀ ਕਿਸਮ ਦੀ ਇਹ ਪਹਿਲੀ ਖਬਰ ਹੈ। ਜਦ ਕਿ ਇਸ ਸਬੰਧੀ ਰਿਜਰਵ ਬੈਂਕ ਵਲੋਂ ਸੋਸ਼ਲ ਮੀਡੀਆ,ਪ੍ਰਿੰਟ ਮੀਡੀਆ, ਇਲੈਕਟ੍ਰਾਨਿਕ ਮੀਡੀਆ ਰਾਹੀਂ ਲੋਕਾਂ ਨੂੰ ਲਗਾਤਾਰ ਸੁਚੇਤ ਰਹਿਣ ਲਈ ਅਤੇ ਡਿਜਿਟਲ ਅਰੈਸਟ ਤੋਂ ਸਾਵਧਾਨ ਰਹਿਣ ਲਈ ਲਗਾਤਾਰ ਅਪੀਲਾਂ ਕੀਤੀਆਂ ਜਾ ਰਹੀਆਂ ਹਨ।

# ਆਪਣੇ ਭਰਾ ਲਈ ਜੇ ਲੋੜ ਪਵੇ ਤਾਂ ਆਪਣੇ ਹੱਕ ਵੀ ਛੱਡਣ ਦਾ ਹੌਸਲਾ ਪੈਦਾ ਕਰਨਾ ਜਲਸਾ ਸਲਾਨਾ ਦੇ ਉਦੇਸ਼ਾਂ ਵਿੱਚੋਂ ਇੱਕ ਮਕਸਦ ਹੈ

**ਹੁਸ਼ਿਆਰਪੁਰ /ਕਾਦੀਆਂ ( ਤਰਸੇਮ ਦੀਵਾਨਾ )** ਮੁਸਲਿਮ ਜਮਾਤ ਅਹਿਮਦੀਆ ਦੇ ਮੁੱਖ ਕੇਂਦਰ ਕਾਦੀਆਂ ਵਿਖੇ 129 ਵਾਂ ਜਲਸਾ ਸਲਾਨਾ ਕਾਦੀਆ ਤੀਸਰੇ ਦਿਨ ਦਾ ਸਮਾਰੋਹ ਪਵਿੱਤਰ ਕੁਰਾਨ ਦੀ ਤਿਲਾਵਤ ਦੇ ਨਾਲ ਆਰੰਭ ਹੋ ਗਿਆ ਅੱਜ ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ। ਇਸ ਤਿੰਨ ਰੋਜ਼ਾ ਜਲਸਾ ਸਲਾਨਾ ਦਾ ਕੇਂਦਰ ਇਮਾਮ ਜਮਾਤ ਅਹਿਮਦੀਆ ਆਲਮਗੀਰ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਸਾਹਿਬ ਦਾ ਪੰਜਾਲ ਵਿੱਚ ਵੇਖਿਆ ਤੇ ਸੁਣਿਆ ਗਿਆ। ਇਮਾਮ ਜਮਾਤ ਅਹਿਮਦੀਆ ਆਲਮਗੀਰ ਦਾ ਇਹ ਸੰਬੋਧਨ ਪੂਰੀ ਦੁਨੀਆ ਵਿੱਚ ਜਮਾਤ ਅਹਿਮਦੀਆ ਦੇ ਸੈਟਲਾਈਟ ਚੈਨਲ ਦੁਆਰਾ ਦੇਖਿਆ ਤੇ ਸੁਣਿਆ ਜਾਂਦਾ ਹੈ ਜਿਸ ਵਿੱਚ ਆਪ ਜੀ ਆਪਣੇ ਸੰਬੋਧਨ ਰਾਹੀਂ ਪੂਰੀ ਦੁਨੀਆ ਦੇ ਅਹਿਮਦੀਆ ਨੂੰ ਸੰਬੋਧਿਤ ਹੁੰਦੇ ਹਨ। ਜਲਸਾ ਸਲਾਨਾ ਕਾਦੀਆਂ ਦੀਆਂ ਕਾਰਵਾਈਆਂ ਦਾ ਭਾਰਤ ਦੀ ਵੱਖ ਵੱਖ ਭਾਸ਼ਾਵਾਂ ਵਿੱਚ ਅਤੇ ਦੁਸਰੇ ਦੇਸ਼ਾ ਦੀ ਭਾਸ਼ਾਵਾਂ ਵਿੱਚ ਵੀ ਨਾਲ ਨਾਲ ਟਰਾਂਸਲੇਸ਼ਨ ਦਾ ਪ੍ਰਬੰਧ ਕੀਤਾ ਗਿਆ ਹੈ ਜੋ ਲੋਕ ਇਸ ਜਲਸੇ ਵਿੱਚ ਸ਼ਾਮਿਲ ਹੋਏ ਹਨ ਉਹ ਆਪਣੀਆਂ ਆਪਣੀਆਂ ਭਾਸ਼ਾਵਾਂ ਵਿੱਚ ਇਸ ਜਲਸੇ ਦੀ ਕਾਰਵਾਈ ਨੂੰ ਸੁਣ ਰਹੇ ਹਨ।

ਇਮਾਮ ਜਮਾਤ ਅਹਿਮਦੀਆ ਆਲਮਗੀਰ ਨੇ ਦੁਨੀਆ ਭਰ ਵਿੱਚ ਅਮਨ ਸਾਤੀ ਦੀ ਸਥਾਪਨਾ ਲਈ ਸਾਮੂਹਿਕ ਤੋਰ ਤੇ ਵਿਸ਼ੇਸ਼ ਦੁਆਵਾ ਦਿੱਤੀਆਂ । ਇਮਾਮੇ ਜਮਾਤ ਅਹਿਮਦੀਆ ਆਲਮਗੀਰ ਹਜ਼ਰਤ ਮਿਰਜਾ ਮਸਹੂਰ ਅਹਿਮਦ ਸਾਹਿਬ ਜਲਸੇ ਦੀ ਵਿਸ਼ੇਸ਼ਤਾ ਅਤੇ ਬਰਕਤ ਦੇ ਹਵਾਲੇ ਨਾਲ ਫਰਮਾਉਂਦੇ ਹਨ "ਹਜ਼ਰਤ ਅਕਦਸ ਮਸੀਹ ਮਾਊਦ ਅਲੈਹ ਸਲਾਮ ਨੇ ਇਸ ਜਲਸਾ ਨੂੰ ਖਾਲਸ ਰੂਹਾਨੀ ਜਲਸਾ ਹੋਣ ਦੀ ਦੁਆ ਕੀਤੀ ਹੈ। ਜਿਸ ਵਿੱਚ ਸਾਡੀ ਰੂਹਾਨੀ ਅਤੇ ਗਿਆਨ ਦੀ ਤਰੱਕੀ ਦੀਆ ਗੱਲਾਂ ਵੱਲ ਧਿਆਨ ਦਿਵਾਇਆ ਜਾਂਦਾ ਹੈ ਅਤੇ ਇਸ ਦਾ ਇੱਕ ਵੱਡਾ ਮਕਸਦ ਇਹ ਸੀ ਕਿ ਬਾਨੀ ਜਮਾਤ ਅਹਿਮਦੀਆ ਨੇ ਫਰਮਾਇਆ ਆਪਸ ਵਿੱਚ ਪਿਆਰ ਮੁਹੱਬਤ ਦਾ ਰਿਸ਼ਤਾ ਕਾਇਮ ਕਰਨਾ ਹੈ ਇੱਕ ਦੂਜੇ ਦਾ ਖਿਆਲ ਰੱਖਣਾ ਆਪਣੇ ਭਰਾ ਲਈ ਜੇ ਲੋੜ ਪਵੇ ਤਾਂ ਆਪਣੇ ਹੱਕ ਛੱਡਣ ਦਾ ਫੈਸਲਾ ਵੀ ਰੱਖਣਾ ਆਪਸ ਵਿੱਚ ਪ੍ਰੇਮ ਭਾਈਚਾਰਕ ਸਾਬ ਨੂੰ ਵਧਾਉਣ ਜਾ ਇੱਕ ਵੱਡਾ ਜਰੀਆ ਹੈ ।"






ਜਲਸਾਂ ਸਲਾਨਾ ਕਾਦੀਆਂ ਆਪਸੀ ਏਕਤਾ ਦੀ ਸਿੱਖਿਆ ਦਿੰਦਾ ਹੈ। ਅਤੇ ਜੇ ਲੋਕ ਇਸ ਜਲਸਾ ਵਿੱਚ ਸ਼ਾਮਿਲ ਹੁੰਦੇ ਹਨ ਉਹਨਾਂ ਦੇ ਅੰਦਰ ਹਮਦਰਦੀ ਦਾ ਜਜਬਾ ਪੈਦਾ ਹੁੰਦਾ ਹੈ ਅਤੇ ਉਹ ਦੇਸ਼ ਅਤੇ ਕੰਮ ਲਈ ਵਧੀਆ ਇਨਸਾਨ ਬਣਨ ਦੀ ਜਿਦ ਕਰਦੇ ਹਨ। ਜਲਸਾ ਸਲਾਨਾ 1891ਵਿੱਚ ਸ਼ਾਮਿਲ ਹੋਏ ਸਨ ਲੇਕਿਨ ਅੱਜ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚ ਬਕਾਇਦਗੀ ਨਾਲ ਜਲਸਾ ਸਲਾਨਾ ਆਯੋਜਿਤ ਕੀਤਾ ਜਾਂਦਾ ਹੈ ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕ ਸ਼ਾਮਿਲ ਹੁੰਦੇ ਹਨ ਅੱਜ ਵੀ ਬਾਨੀ ਜਮਾਤ ਅਹਿਮਦੀਆ ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਕਾਦੀਆਨੀ ਅਲੈਹ ਸਲਾਮ ਦੀ ਸਿੱਖਿਆਵਾਂ ਦੇ ਪ੍ਰਕਾਸ਼ ਵਿੱਚ ਖਿਲਾਫਤ ਅਹਿਮਦੀਆ ਦੇ ਜਾਏ ਹੇਠਾਂ ਕੇਵਲ ਰੂਹਾਨੀ ਮਕਸਦ ਦੇ ਲਈ ਇਹ ਜਲਸਾ ਪੂਰੀ ਦੁਨੀਆਂ ਦੇ ਵੱਖ-ਵੱਖ ਹਿੱਸਿਆ ਵਿੱਚ ਆਯੋਜਿਤ ਹੋ ਰਿਹਾ ਹੈ ਅਤੇ ਜਲਸਾ ਸਲਾਨਾ ਦੀਆਂ ਬਰਕਤਾਂ ਦਾ ਦੁਨੀਆ ਲਾਭ ਚੁੱਕ ਰਹੀ ਹੈ ਅਤੇ ਰੂਹਾਨੀ ਤਰੱਕੀ ਕਰ ਰਹੀ ਹੈ।

ਅੱਜ ਮੁਸਲਿਮ ਜਮਾਤ ਅਹਿਮਦੀਆ ਦਾ 129 ਵਾਂ ਜਲਸਾ ਸਲਾਨਾ ਕਾਮਯਾਬੀ ਨਾਲ ਦੁਨੀਆ ਭਰ ਦੇ ਲਈ ਅਮਨ ਸ਼ਾਂਤੀ ਦੀ ਸਾਮੂਹਕ ਦੁਆ ਦੇ ਨਾਲ ਸਮਾਪਤ ਹੋ ਗਿਆ।

ਫੋਟੋ ਅਜਮੇਰ ਦੀਵਾਨਾ

# ਯੁਵਕ ਸੇਵਾਵਾਂ ਵਿਭਾਗ ਨੇ ਨਸ਼ਿਆਂ ਖਿਲਾਫ ਕਰਵਾਇਆ ਜਾਗਰੂਕਤਾ ਸਮਾਗਮ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੇ ਨਿਰਦੇਸਾ ਅਨੁਸਾਰ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ, ਸ਼ਹੀਦ ਭਗਤ ਸਿੰਘ ਨਗਰ ਰਵੀ ਪਾਲ ਦੀ ਅਗਵਾਈ ਹੇਠ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਕੰਗਣਾ ਬੇਟ ਵੱਲੋਂ ਪਿੰਡ ਦੇ ਸਰਕਾਰੀ ਸਕੂਲ ਵਿਚ ਨਸ਼ਾ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਕਲੱਬ ਪ੍ਰਧਾਨ ਕੁਲਦੀਪ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਦੱਸਿਆ ਗਿਆ ਅਤੇ ਬੱਚਿਆਂ ਨੂੰ ਖੇਡਾਂ ਅਤੇ ਹੋਰ ਸਹਿ ਵਿੱਦਿਅਕ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸਕੂਲੀ ਵਿਦਿਆਰਥੀਆਂ ਵੱਲੋਂ ਨਸ਼ਾ



ਵਿਰੋਧੀ ਕਵਿਤਾਵਾਂ ਅਤੇ ਗੀਤ ਪੇਸ਼ ਕੀਤੇ ਗਏ। ਮੈਡਮ ਹਰਦੀਪ ਕੌਰ ਅਤੇ ਮੈਡਮ ਲਲਿਤਾ ਰਾਣੀ ਵਲੋਂ ਬੱਚਿਆਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਕਰਵਾਈ ਤਿਆਰੀ ਦੀ ਬਦੌਲਤ ਖੁਸ਼ੀ, ਮੀਨਾਕਸ਼ੀ, ਮਨਪ੍ਰੀਤ, ਅਮ੍ਰਿਤ ਸਿੰਘ, ਗੁਰਲੀਨ,ਕੋਮਲਪ੍ਰੀਤ, ਦਿਲਪ੍ਰੀਤ ਆਦਿ ਵੱਲੋਂ ਬਹੁਤ ਹੀ ਸੁੰਦਰ ਕਵਿਤਾਵਾਂ ਅਤੇ ਗੀਤ ਪੇਸ ਕੀਤੇ ਗਏ। ਇਸ ਦੌਰਾਨ ਬੱਚਿਆਂ ਨੂੰ ਨਕਦ ਇਨਾਮ ਦੇ ਕੇ ਹੌਸਲਾ ਅਫ਼ਜ਼ਾਈ ਵੀ ਕੀਤੀ ਗਈ ।ਅੰਤ ਵਿਚ ਸਕੂਲ ਅਧਿਆਪਕ ਪੰਕਜ ਸਿਆਲ ਵੱਲੋਂ ਕਲੱਬ ਮੈਂਬਰਾਂ ਅਤੇ ਯੁਵਕ ਸੇਵਾਵਾਂ ਵਿਭਾਗ ਦਾ ਧੰਨਵਾਦ ਕੀਤਾ ਗਿਆ। ਇਸ ਜਾਗਰੂਕਤਾ ਮੁਹਿੰਮ ਵਿਚ ਯੁਵਕ ਸੇਵਾਵਾਂ ਵਿਭਾਗ ਦੇ ਸਟੈਨੋ ਟਾਈਪਿਸਟ ਗੁਰਪ੍ਰੀਤ ਕੌਰ ਦਾ ਵੱਡਾ ਯੋਗਦਾਨ ਰਿਹਾ। ਇਸ ਮੌਕੇ ਕਲੱਬ ਮੈਂਬਰ ਮਨੋਜ ਕੁਮਾਰ, ਮਨੀ ਚੋਪੜਾ, ਸੁਖਵਿੰਦਰ ਸਿੰਘ, ਜੋਤ, ਭਿੰਦਰ, ਅਰਸ਼ ਆਦਿ ਵੀ ਹਾਜ਼ਰ ਸਨ।

# ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪ੍ਰਸ਼ਾਸਨ ਨੇ ਨੌਜਵਾਨਾਂ ਲਈ ਕੀਤਾ ਬਿਹਤਰੀਨ ਉਪਰਾਲਾ

## ਪੁਲਿਸ, ਫ਼ੌਜ, ਪੀ.ਸੀ.ਐਸ, ਐਸ.ਆਈ ਆਦਿ ਦੀਆਂ ਪ੍ਰੀਖਿਆਵਾਂ ਲਈ ਮੁਫ਼ਤ ਸਿਖਲਾਈ ਪ੍ਰੋਗਰਾਮ ਦੀ ਕੀਤੀ ਸ਼ੁਰੂਆਤ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹੇ ਦੇ ਨੌਜਵਾਨਾਂ ਦੇ ਸਸ਼ਕਤੀਕਰਨ ਵੱਲ ਇਕ ਅਹਿਮ ਕਦਮ ਚੁੱਕਦਿਆਂ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਰੈੱਡ ਕਰਾਸ ਸੁਸਾਇਟੀ ਦੇ ਸਹਿਯੋਗ ਨਾਲ ਮੁਫ਼ਤ ਸਿਖਲਾਈ ਪ੍ਰੋਗਰਾਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਪਹਿਲਕਦਮੀ ਦਾ ਉਦੇਸ਼ ਨੌਜਵਾਨਾਂ ਵਿਚ ਇਕ ਸਿਹਤਮੰਦ ਅਤੇ ਲਾਭਕਾਰੀ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਦਿਆਂ ਪੁਲਿਸ ਭਰਤੀ, ਪੀ.ਸੀ.ਐਸ, ਐਸ.ਆਈ, ਅਗਨੀਵੀਰ ਅਤੇ ਫ਼ੌਜ ਵਰਗੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਵਾਲੇ ਚਾਹਵਾਨ ਉਮੀਦਵਾਰਾਂ ਨੂੰ ਸਿਖਲਾਈ ਦੇਣਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦੱਸਿਆ ਕਿ ਇਹ ਸਿਖਲਾਈ ਕੈਂਪ ਆਈ.ਟੀ.ਆਈ. ਗਰਾਊਂਡ, ਨਵਾਂਸ਼ਹਿਰ ਵਿਖੇ 18 ਤੋਂ 28 ਸਾਲ ਦੀ ਉਮਰ ਦੇ ਨੌਜਵਾਨਾਂ ਲਈ ਖੁੱਲ੍ਹਾ ਹੈ। ਉਨ੍ਹਾਂ ਦੱਸਿਆ ਕਿ ਭਾਗੀਦਾਰਾਂ ਨੂੰ ਕਿਤਾਬਾਂ, ਸਿਖਲਾਈ ਸਮੱਗਰੀ, ਬੂਟ ਅਤੇ ਇਨ੍ਹਾਂ ਪ੍ਰੀਖਿਆਵਾਂ ਲਈ ਜ਼ਰੂਰੀ ਸਰੀਰਕ ਮਾਪਦੰਡਾਂ ਬਾਰੇ ਵਿਸਥਾਰਤ ਜਾਣਕਾਰੀ ਸਮੇਤ ਵਿਆਪਕ ਮਾਰਗਦਰਸ਼ਨ ਪ੍ਰਦਾਨ ਕੀਤਾ



ਜਾਵੇਗਾ। ਪ੍ਰੋਗਰਾਮ ਦਾ ਮੁੱਖ ਉਦੇਸ਼ ਸਰੀਰਕ ਤੰਦਰੁਸਤੀ, ਅਨੁਸ਼ਾਸਨ ਅਤੇ ਕਰੀਅਰ ਆਧਾਰਿਤ ਵਿਕਾਸ 'ਤੇ ਜ਼ੋਰ ਦਿੰਦਿਆਂ ਨੌਜਵਾਨਾਂ ਨੂੰ ਅਰਥਪੂਰਨ ਅਤੇ ਉਤਪਾਦਕ ਗਤੀਵਿਧੀਆਂ ਵਿਚ ਸ਼ਾਮਲ ਕਰਨਾ ਹੈ। ਉਨ੍ਹਾਂ ਦੱਸਿਆ ਕਿ ਨੌਜਵਾਨਾਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਦੋਵਾਂ 'ਤੇ ਧਿਆਨ ਕੇਂਦ੍ਰਿਤ ਕਰਕੇ ਇਕ ਅਜਿਹੀ ਪੀੜ੍ਹੀ ਦਾ ਨਿਰਮਾਣ ਕਰਨ ਦੀ ਕੋਸ਼ਿਸ਼ ਕਰਨਾ ਹੈ, ਜੋ ਸਮਾਜ ਵਿਚ ਸਕਾਰਾਤਮਕ ਯੋਗਦਾਨ ਪਾਉਣ ਲਈ ਸਿਹਤਮੰਦ, ਵਧੇਰੇ ਸਵੈ-ਨਿਰਭਰ ਅਤੇ ਬਿਹਤਰ ਢੰਗ ਨਾਲ ਲੈਸ ਹੋਵੇ। ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦੱਸਿਆ ਕਿ "ਸਾਡਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਜ਼ਿਲ੍ਹੇ ਵਿਚ ਕੋਈ ਵੀ ਚਾਹਵਾਨ ਉਮੀਦਵਾਰ ਸਾਧਨਾਂ ਜਾਂ ਮਾਰਗਦਰਸ਼ਨ ਦੀ ਘਾਟ ਕਾਰਨ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਦੇ ਮੌਕੇ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਸਿਰਫ਼ ਪ੍ਰੀਖਿਆ ਦੀ ਤਿਆਰੀ ਬਾਰੇ ਹੀ ਨਹੀਂ ਹੈ, ਸਗੋਂ ਨੌਜਵਾਨਾਂ ਵਿਚ ਤੰਦਰੁਸਤੀ ਅਤੇ ਸਵੈ-ਅਨੁਸ਼ਾਸਨ ਨੂੰ ਉਤਸ਼ਾਹਿਤ ਕਰਨ ਲਈ ਵੀ ਹੈ। ਉਨ੍ਹਾਂ ਕਿਹਾ ਕਿ ਇਹ ਮੁਫ਼ਤ ਸਿਖਲਾਈ ਉਮੀਦਵਾਰਾਂ ਲਈ ਤਜ਼ਰ-ਬੇਕਾਰ ਟ੍ਰੇਨਰਾਂ ਦੀ ਨਿਗਰਾਨੀ ਹੇਠ ਆਪਣੀ ਤਿਆਰੀ ਨੂੰ ਵਧਾਉਣ ਦਾ ਸੁਨਹਿਰੀ ਮੌਕਾ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਇਨ੍ਹਾਂ ਪ੍ਰੀਖਿਆਵਾਂ ਵਿਚ ਸਫਲਤਾ ਲਈ ਲੋੜੀਂਦੇ ਅਕਾਦਮਿਕ ਅਤੇ ਸਰੀਰਕ ਤੰਦਰੁਸਤੀ ਦੇ ਪਹਿਲੂਆਂ 'ਤੇ ਧਿਆਨ ਕੇਂਦਰਿਤ ਕਰੇਗਾ। ਉਨ੍ਹਾਂ ਦੱਸਿਆ ਕਿ ਟ੍ਰੇਨਿੰਗ ਸੈਸ਼ਨ ਦਾ ਸਮਾਂ ਸਵੇਰੇ 9 ਤੋਂ 11 ਵਜੇ ਤੱਕ ਅਤੇ ਸ਼ਾਮ 4 ਤੋਂ 6 ਵਜੇ ਤੱਕ ਦਾ ਹੋਵੇਗਾ। ਉਨ੍ਹਾਂ ਕਿਹਾ ਕਿ ਚਾਹਵਾਨ ਨੌਜਵਾਨ ਵਧੇਰੇ ਜਾਣਕਾਰੀ ਜਾਂ ਸਹਾਇਤਾ ਲਈ ਜ਼ਿਲ੍ਹਾ ਰੈੱਡ ਕ੍ਰਾਸ ਸੁਸਾਇਟੀ ਦੇ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ।

# ਕਿਉਂ ਤੁਹਾਨੂੰ ਐਂਟੀਬਾਇਉਟਿਕਸ ਤੋਂ ਦੂਰ ਰਹਿਣ ਦੀ ਹੈ?

ਐਂਟੀਬਾਇਉਟਿਕਸ ਨੂੰ ਅਕਸਰ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਇਲਾਜ-ਸਾਰੇ ਹੱਲ ਵਜੋਂ ਦੇਖਿਆ ਜਾਂਦਾ ਹੈ, ਜਿਸ ਨਾਲ ਬਹੁਤ ਸਾਰੇ ਲੋਕ ਆਮ ਸਰਦੀ - ਜ਼ੁਕਾਮ ਫਲੂ ਵਰਗੀਆਂ ਸਥਿਤੀਆਂ ਦੇ ਇਲਾਜ ਲਈ ਉਹਨਾਂ 'ਤੇ ਭਰੋਸਾ ਕਰਦੇ ਹਨ।

ਹਾਲਾਂਕਿ, ਇਹ ਪਹੁੰਚ ਨਾ ਸਿਰਫ ਬੇਅਸਰ ਹੈ, ਸਗੋਂ ਖਤਰਨਾਕ ਵੀ ਹੈ। ਐਂਟੀਬਾਇਉਟਿਕਸ ਨੂੰ ਬੈਕਟੀਰੀਆ ਦੀ ਲਾਗ ਨਾਲ ਲੜਨ ਲਈ ਤਿਆਰ ਕੀਤਾ ਗਿਆ ਹੈ, ਫਿਰ ਵੀ ਵਾਇਰਸ, ਜਿਨ੍ਹਾਂ ਦਾ ਐਂਟੀਬਾਇਉਟਿਕਸ ਇਲਾਜ ਨਹੀਂ ਕਰ ਸਕਦੇ, ਫਲੂ ਅਤੇ ਆਮ ਜ਼ੁਕਾਮ ਦਾ ਕਾਰਨ ਬਣਦੇ ਹਨ। ਇਸ ਦੇ ਬਾਵਜੂਦ, ਬਹੁਤ ਸਾਰੇ ਲੋਕ ਅਜੇ ਵੀ ਆਪਣੇ ਡਾਕਟਰਾਂ ਤੋਂ ਐਂਟੀਬਾਇਉਟਿਕਸ ਦੀ ਉਮੀਦ ਜਾਂ ਬੇਨਤੀ ਕਰਦੇ ਹਨ, ਇਹ ਮੰਨਦੇ ਹੋਏ ਕਿ ਉਹ ਬੁਖਾਰ ਜਾਂ ਸਰਦੀ - ਜ਼ੁਕਾਮ ਫਲੂ ਵਾਲੀ ਕਿਸੇ ਵੀ ਬਿਮਾਰੀ ਲਈ ਜ਼ਰੂਰੀ ਹਨ।

ਇਹ ਰੁਝਾਨ ਤੇਜ਼ੀ ਨਾਲ ਪ੍ਰਚਲਿਤ ਹੋ ਗਿਆ ਹੈ ਅਤੇ ਜਨਤਕ ਸਿਹਤ ਲਈ ਮਹੱਤਵਪੂਰਨ ਖਤਰਾ ਪੈਦਾ ਕਰ ਰਿਹਾ ਹੈ, ਖਾਸ ਤੌਰ 'ਤੇ ਐਂਟੀਬਾਇਉਟਿਕਸ ਪ੍ਰਤੀਰੋਧ ਦੇ ਸੰਦਰਭ ਵਿੱਚ। ਵਾਇਰਲ ਲਾਗਾਂ ਲਈ ਐਂਟੀਬਾਇਉਟਿਕਸ ਦੀ ਦੁਰਵਰਤੋਂ ਦੇ ਸਭ ਤੋਂ ਵੱਡੇ ਖ਼ਤਰਿਆਂ ਵਿੱਚੋਂ ਇੱਕ ਐਂਟੀਬਾਇਉਟਿਕਸ -ਰੋਧਕ ਬੈਕਟੀਰੀਆ ਦਾ ਵਿਕਾਸ ਹੈ।

ਨਤੀਜੇ ਵਜੋਂ, ਜਦੋਂ ਕੋਈ ਵਿਅਕਤੀ ਸੱਚਮੁੱਚ ਬੈਕਟੀਰੀਆ ਦੇ ਜਰਾਸੀਮ ਦੁਆਰਾ ਸੰਕਰਮਿਤ ਹੁੰਦਾ ਹੈ, ਤਾਂ ਬਿਮਾਰੀ ਦੇ ਇਲਾਜ ਵਿੱਚ ਐਂਟੀਬਾਇਉਟਿਕਸ ਪ੍ਰਭਾਵੀ ਨਹੀਂ ਹੋ ਸਕਦੇ ਹਨ। ਇਹ ਲੰਬੇ, ਵਧੇਰੇ ਗੁੰਝਲਦਾਰ ਲਾਗਾਂ ਅਤੇ ਮੌਤ ਸਮੇਤ ਗੰਭੀਰ ਸਿਹਤ ਜਟਿਲਤਾਵਾਂ ਦੇ ਵਧੇ ਹੋਏ ਜੋਖਮ ਦਾ ਕਾਰਨ ਬਣ ਸਕਦਾ ਹੈ। ਫਲੂ ਅਤੇ ਆਮ ਜ਼ੁਕਾਮ ਵਰਗੀਆਂ ਸਥਿਤੀਆਂ ਲਈ ਐਂਟੀਬਾਇਉਟਿਕਸ ਦੀ ਬੇਨਤੀ ਕਰਨ ਦੀ ਵਿਆਪਕ ਆਦਤ ਸਿਰਫ ਇਸ ਖਤਰਨਾਕ ਰੁਝਾਨ ਨੂੰ ਤੇਜ਼ ਕਰਦੀ ਹੈ, ਇਹਨਾਂ ਜੀਵਨ ਬਚਾਉਣ ਵਾਲੀਆਂ ਦਵਾਈਆਂ ਦੀ ਪ੍ਰਭਾਵਸ਼ੀਲਤਾ ਨੂੰ ਹੋਰ ਘਟਾਉਂਦੀ ਹੈ। ਐਂਟੀਬਾਇਉਟਿਕਸ ਪ੍ਰਤੀਰੋਧ ਦੇ ਜੋਖਮ ਤੋਂ ਇਲਾਵਾ, ਫਲੂ ਅਤੇ ਜ਼ੁਕਾਮ ਵਰਗੀਆਂ ਵਾਇਰਲ ਲਾਗਾਂ ਦੇ ਇਲਾਜ ਲਈ ਐਂਟੀਬਾਇਉਟਿਕਸ 'ਤੇ ਨਿਰਭਰ ਕਰਨਾ ਵੀ ਸਹੀ ਇਲਾਜ ਵਿੱਚ ਦੇਰੀ ਕਰਦਾ ਹੈ। ਵਾਇਰਲ ਲਾਗਾਂ ਲਈ, ਐਂਟੀਬਾਇਉਟਿਕਸ ਲੱਛਣਾਂ ਨੂੰ ਘਟਾਉਣ ਜਾਂ ਰਿਕਵਰੀ ਨੂੰ ਤੇਜ਼ ਕਰਨ ਲਈ ਕੁਝ ਨਹੀਂ ਕਰਦੇ



ਹਨ। ਇਹ ਬੇਲੋੜੇ ਮਾੜੇ ਪ੍ਰਭਾਵਾਂ ਵੱਲ ਖੜਦਾ ਹੈ, ਜਿਵੇਂ ਕਿ ਗੈਸਟਰੋਇੰਟੇਸਟਾਈਨਲ ਸਮੱਸਿਆਵਾਂ, ਐਲਰਜੀ ਵਾਲੀਆਂ ਪ੍ਰਤੀਕ੍ਰਿਆਵਾਂ, ਅਤੇ ਸਰੀਰ ਦੇ ਕੁਦਰਤੀ ਮਾਈਕ੍ਰੋਬਾਇਓਮ ਵਿੱਚ ਵਿਘਨ, ਜੋ ਸਮੇਂ ਦੇ ਨਾਲ ਇਮਿਊਨ ਸਿਸਟਮ ਨੂੰ ਕਮਜ਼ੋਰ ਕਰ ਸਕਦਾ ਹੈ। ਐਂਟੀਬਾਇਉਟਿਕਸ 'ਤੇ ਭਰੋਸਾ ਕਰਨ ਦੀ ਬਜਾਏ, ਵਿਅਕਤੀਆਂ ਨੂੰ ਪੋਸ਼ਣ ਅਤੇ ਜੀਵਨ ਸ਼ੈਲੀ ਦੇ ਵਿਕਲਪਾਂ ਦੁਆਰਾ ਆਪਣੇ ਇਮਿਊਨ ਸਿਸਟਮ ਨੂੰ ਵਧਾਉਣ 'ਤੇ ਧਿਆਨ ਦੇਣਾ ਚਾਹੀਦਾ ਹੈ। ਵਿਟਾਮਿਨ ਸੀ, ਜ਼ਿੰਕ ਅਤੇ ਹੋਰ ਇਮਿਊਨ ਵਧਾਉਣ ਵਾਲੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਸੰਤੁਲਿਤ ਖੁਰਾਕ ਵਾਇਰਲ ਇਨਫੈਕਸ਼ਨਾਂ ਨਾਲ ਲੜਨ ਦੀ ਸਰੀਰ ਦੀ ਸਮਰੱਥਾ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਸਮਰਥਨ ਕਰ ਸਕਦੀ ਹੈ। ਇਸ ਤੋਂ ਇਲਾਵਾ, ਸਫਾਈ ਦੇ ਚੰਗੇ ਅਭਿਆਸਾਂ ਨੂੰ ਬਰਕਰਾਰ ਰੱਖਣਾ, ਜਿਵੇਂ ਕਿ ਵਾਰ-ਵਾਰ ਹੱਥ ਧੋਣਾ ਅਤੇ ਹਾਈਡਰੇਟਿਡ ਰਹਿਣਾ, ਵਾਇਰਸਾਂ ਦੇ ਫੈਲਣ ਨੂੰ ਰੋਕਣ ਅਤੇ ਲੱਛਣਾਂ ਨੂੰ ਘੱਟ ਕਰਨ ਵਿੱਚ ਮਦਦ ਕਰ ਸਕਦਾ ਹੈ। ਐਂਟੀਬਾਇਉਟਿਕਸ ਵੱਲ ਮੁੜਨ ਦੀ ਬਜਾਏ, ਜੋ ਚੰਗੇ ਨਾਲੋਂ ਜ਼ਿਆਦਾ ਨੁਕਸਾਨ ਕਰ ਸਕਦੀਆਂ ਹਨ, ਵਿਅਕਤੀਆਂ ਨੂੰ ਵਾਇਰਲ ਇਨਫੈਕਸ਼ਨਾਂ ਦੇ ਪ੍ਰਬੰਧਨ, ਰੋਕਥਾਮ, ਲੱਛਣ ਰਾਹਤ, ਅਤੇ ਇਮਿਊਨ ਸਪੋਰਟ 'ਤੇ ਧਿਆਨ ਕੇਂਦਰਤ ਕਰਨ ਲਈ ਵਧੇਰੇ ਸੰਪੂਰਨ ਪਹੁੰਚ ਅਪਣਾਉਣੀ ਚਾਹੀਦੀ ਹੈ।

ਆਖਰਕਾਰ, ਫਲੂ ਅਤੇ ਆਮ ਜ਼ੁਕਾਮ ਲਈ ਐਂਟੀਬਾਇਉਟਿਕਸ ਦੀ ਵਰਤੋਂ ਕਰਨ ਦਾ ਰੁਝਾਨ ਬੰਦ ਹੋਣਾ ਚਾਹੀਦਾ ਹੈ।

ਇਸ ਅਭਿਆਸ ਦੇ ਖ਼ਤਰਿਆਂ ਬਾਰੇ ਜਨਤਾ ਨੂੰ ਜਾਗਰੂਕ ਕਰਨਾ ਅਤੇ ਵਾਇਰਲ ਬਿਮਾਰੀਆਂ ਦੇ ਪ੍ਰਬੰਧਨ ਲਈ ਵਿਕਲਪਕ ਤਰੀਕਿਆਂ ਨੂੰ ਉਤਸ਼ਾਹਿਤ ਕਰਨਾ ਵਿਅਕਤੀਗਤ ਅਤੇ ਜਨਤਕ ਸਿਹਤ ਦੀ ਰੱਖਿਆ ਲਈ ਜ਼ਰੂਰੀ ਹੈ। ਤੰਦਰੁਸਤੀ ਲਈ ਵਧੇਰੇ ਕੁਦਰਤੀ, ਰੋਕਥਾਮ ਵਾਲੇ ਤਰੀਕਿਆਂ ਨੂੰ ਅਪਣਾ ਕੇ, ਅਸੀਂ ਐਂਟੀਬਾਇਉਟਿਕਸ 'ਤੇ ਨਿਰਭਰਤਾ ਨੂੰ ਘਟਾ ਸਕਦੇ ਹਾਂ ਅਤੇ ਬੈਕਟੀਰੀਆ ਦੀਆਂ ਲਾਗਾਂ ਲਈ ਇਹਨਾਂ ਦਵਾਈਆਂ ਦੀ ਪ੍ਰਭਾਵਸ਼ੀਲਤਾ ਨੂੰ ਸੁਰੱਖਿਅਤ ਕਰ ਸਕਦੇ ਹਾਂ ਜਿਨ੍ਹਾਂ ਨੂੰ ਅਸਲ ਵਿੱਚ ਇਹਨਾਂ ਦੀ ਲੋੜ ਹੁੰਦੀ ਹੈ।

ਤੁਸੀਂ ਦੇਖਿਆ ਹੋਵੇਗਾ ਕਿ ਜਦੋਂ ਵੀ ਡਾਕਟਰ ਐਂਟੀਬਾਇਉਟਿਕਸ ਦਾ ਨੁਸਖ਼ਾ ਦਿੰਦੇ ਹਨ, ਤਾਂ ਉਹ ਗੋਲੀਆਂ ਦਾ ਪੂਰਾ ਕੋਰਸ ਲੈਣ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹਨ ਭਾਵੇਂ ਤੁਸੀਂ ਪੈਕੇਟ ਖਤਮ ਹੋਣ ਤੋਂ ਪਹਿਲਾਂ ਬਿਹਤਰ ਮਹਿਸੂਸ ਕਰ ਰਹੇ ਹੋਵੋ। ਇਹ ਇਸ ਲਈ ਹੈ ਕਿਉਂਕਿ ਭਾਵੇਂ ਤੁਸੀਂ ਬਿਹਤਰ ਮਹਿਸੂਸ ਕਰ ਰਹੇ ਹੋ, ਕੁਝ ਬੈਕਟੀਰੀਆ ਜਾਂ ਫੰਜਾਈ ਤੁਹਾਡੇ ਸਰੀਰ ਵਿੱਚ ਰਹਿੰਦੇ ਹਨ। ਜੇ ਐਂਟੀਬਾਇਉਟਿਕਸ ਇਲਾਜ ਜਾਰੀ ਨਹੀਂ ਰੱਖਿਆ ਜਾਂਦਾ ਹੈ ਤਾਂ ਇਹ ਗੁਣਾ ਹੁੰਦੇ ਰਹਿਣਗੇ ਜਾਂ ਕਹਿ ਲਉ ਕਿ ਇਹ ਹੋਰ ਵੱਧਦੇ ਰਹਿੰਦੇ ਹਨ। ਜੇਕਰ ਤੁਹਾਡੇ ਸਰੀਰ ਵਿੱਚ ਐਂਟੀਬਾਇਉਟਿਕਸ ਆਪਣੀ ਪੂਰੀ ਤਾਕਤ ਨਾਲ ਨਹੀਂ ਹਨ, ਤਾਂ ਇਹ ਬਾਕੀ ਬਚੇ ਬੈਕਟੀਰੀਆ ਐਂਟੀਬਾਇਉਟਿਕਸ ਪ੍ਰਤੀ ਰੋਧਕ ਬਣ ਸਕਦੇ ਹਨ, ਭਾਵ ਕਿ ਇਹ ਚੰਗੇ ਬੈਕਟੀਰੀਆਂ ਨੂੰ ਖਤਮ ਕਰਕੇ ਆਪਣਾ ਹਾਨੀਕਾਰਕ ਬੈਕਟੀਰੀਆਂ ਵਧਾ ਦੇਵੇਗਾ, ਤੇ ਜਿਸ ਨਾਲ ਤੁਹਾਡੀ ਸਿਹਤ ਵਿਚ ਸੁਧਾਰ ਹੋਣ ਦੀ ਬਜਾਏ ਹੋਰ ਜ਼ਿਆਦਾ ਬਿਮਾਰ ਹੋ ਜਾਉਗੇ। ਕਈ ਵਾਰ ਤਾਂ ਇਹ ਇੰਨਾਂ ਵੱਧ ਜਾਂਦਾ ਹੈ ਜਿਸ ਤੇ ਕੋਈ ਵੀ ਇਲਾਜ਼ ਕੰਮ ਨਹੀਂ ਕਰਦਾ ਆਖਿਰ ਡਾਕਟਰ ਵੀ ਜਵਾਬ ਦੇ ਦਿੰਦੇ ਹਨ। ਜਿਸ ਕਰਕੇ ਇਹਨਾਂ ਤੋਂ ਦੂਰ ਰਹਿਣ ਵਿਚ ਹੀ ਭਲਾਈ ਹੈ।



**ਸੁਰਜੀਤ ਸਿੰਘ ਫਲੋਰਾ**
**SURJIT SINGH FLORA**
**6 Havelock Drive, Brampton, ON L6W 4A5 Canada**
**647-829-9397**

# ਸਾਹਿਤ ਸਮਾਜ

31/12/2024

## ਉਮੀਦ ਛੱਡਣਾ ਮਨ੍ਹਾ ਹੈ....



ਉਮੀਦ ਸ਼ਬਦ ਸੁਣਨ ਵਿੱਚ ਭਾਵੇਂ ਛੋਟਾ ਸ਼ਬਦ ਹੈ,ਪਰ ਅਸਲ ਜ਼ਿੰਦਗੀ ਵਿੱਚ ਇਸ ਦੇ ਅਰਥ ਬਹੁਤ ਵੱਡੇ ਹੁੰਦੇ ਹਨ। ਜ਼ਿੰਦਗੀ ਦੇ ਦੋ ਪਹਿਲੂ ਸੁੱਖ ਤੇ ਦੁੱਖ ਹਨ। ਇਨਸਾਨ ਸੁੱਖ ਦਾ ਸਮਾਂ ਤਾਂ ਬਤੀਤ ਕਰ ਲੈਂਦਾ ਹੈ,ਪਰ ਉਸ ਲਈ ਦੁੱਖ ਦਾ ਸਮਾਂ ਬਤੀਤ ਕਰਨਾ ਮੁਸ਼ਕਲ ਹੋ ਜਾਂਦਾ ਹੈ ਕਿਉਂਕਿ ਕਈ ਵਾਰ ਦੁੱਖ ਦੀ ਘੜੀ ਹੀ ਐਸੀ ਹੁੰਦੀ ਹੈ। ਦੁੱਖ ਦੇ ਸਮੇਂ ਵਿੱਚ ਸਾਨੂੰ ਸਭ ਤੋਂ ਜ਼ਿਆਦਾ ਜ਼ਰੂਰਤ ਹੁੰਦੀ ਹੈ ਤਾਂ ਉਹ ਹੈ ਇੱਕ ਛੋਟੀ ਜਿਹੀ ਉਮੀਦ ਛੋਟੀ ਤੋਂ ਛੋਟੀ ਉਮੀਦ ਨਾਲ਼ ਵੀ ਅਸੀਂ ਦੁੱਖ ਦੀ ਘੜੀ ਦਾ ਸਾਹਮਣਾ ਕਰ ਲੈਂਦੇ ਹਾਂ।ਕ ਈ ਵਾਰ ਅਸੀਂ ਜ਼ਿੰਦਗੀ ਵਿੱਚ ਆਉਣ ਵਾਲੀਆਂ ਮੁਸੀਬਤਾਂ ਤੋਂ ਡਰ ਕੇ ਬੈਠ ਜਾਂਦੇ ਹਾਂ, ਸਾਨੂੰ ਇੰਝ ਲੱਗਦਾ ਹੈ ਕਿ ਜ਼ਿੰਦਗੀ ਵਿਚ ਮੁਸੀਬਤਾਂ ਤੋਂ ਬਿਨਾਂ ਕੁਝ ਹੁੰਦਾ ਹੀ ਨਹੀਂ।ਉਸ ਸਮੇਂ ਅਸੀਂ ਆਪਣੀ ਸਾਰੀਆਂ ਉਮੀਦਾਂ ਖੋ ਦਿੰਦੇ ਹਾਂ।ਉਹ ਘੜੀ ਸਾਡੇ ਜੀਵਨ ਦੀ ਨਿਰਾਸ਼ਾਜਨਕ ਘੜੀ ਹੁੰਦੀ ਹੈ। ਆਪਣੇ ਅੰਦਰ ਹਮੇਸ਼ਾ ਇਕ ਆਸ ਇੱਕ ਉਮੀਦ ਬਾਲ਼ ਕੇ ਰੱਖੋ। ਆਪਣੀ ਸੋਚ ਨੂੰ ਹਮੇਸ਼ਾ ਸਕਾਰਾਤਮਕ ਰੱਖੋ। ਆਪਣੇ ਮਨ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰੋ।ਆਪਣੇ ਆਪ ਅੰਦਰ ਉਮੀਦ ਜਗਾਓ ਅਤੇ ਆਪਣੀ ਜ਼ਿੰਦਗੀ ਵਿਚ ਮਿਹਨਤ ਦਾ ਪੱਲਾ ਫੜੋ। ਨਿਰਾਸ਼ਾ ਦੀ ਐਂਟਰੀ ਨੂੰ ਆਪਣੀ ਜ਼ਿੰਦਗੀ ਵਿੱਚੋਂ ਬੈਨ ਕਰੋਂ ਕਿਉਂਕਿ ਉਮੀਦ ਛੱਡਣਾ ਮਨ੍ਹਾ ਹੈ।

**ਮੰਜੂ ਰਾਇਕਾ, ਰਣਬੀਰ ਕਾਲਜ, ਸੰਗਰੂਰ**

## ਦੋ ਮਹਾਂਪੁਰਸ ਮੈਨੂੰ ਦਿਨ-ਰਾਤ ਨਹੀਂ ਸੌਣ ਨਹੀਂ ਦਿੰਦੇ,ਇੱਕ ਡਾਕਟਰ ਅੰਬੇਡਕਰ ਤੇ ਦੂਜਾ ਗੁਰੂ ਰਵਿਦਾਸ ਜੀ

**ਬੰਗਾ ( ਚਰਨਜੀਤ ਸੱਲ੍ਹਾ )** ਬਹੁਜਨਾਂ ਦੇ ਮਸੀਹਾ,ਬਹੁਜਨ ਨਾਇਕ,ਕ੍ਰਾਂਤੀਕਾਰੀ,ਮਹਾਨ ਤਿਆਗੀ,ਮਹਾਨ ਤਪੱਸਵੀ,ਬਹੁਜਨਾਂ ਦੇ ਮਾਰਗ ਦਰਸ਼ਕ ਅਤੇ ਸਾਇੰਸਦਾਨ ਤੋਂ ਬਣੇ ਸਮਾਜਿਕ ਸਾਇੰਸਦਾਨ ਮਾਨਿਆਵਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਤਿਆਗ ਅਤੇ ਸਘੰਰਸ਼ ਭਰੀ ਜ਼ਿੰਦਗੀ ਦੀ ਦਾਸਤਾਨ ਨੂੰ ਤੁਹਾਡੇ ਨਾਲ ਸਾਂਝੀ ਕਰਦੇ ਹਾਂ ਇਹ ਗੱਲ 1997-98 ਦੀ ਹੈ। ਪੰਜਾਬ ਤੋਂ ਕੁੱਝ ਸਾਥੀ ਸਾਹਿਬ ਨੂੰ ਮਿਲਣ ਦਿੱਲੀ ਆਏ। ਰਾਤ ਦਾ ਸਮਾਂ ਸੀ ਪਰ ਕਿਸੇ ਵੀ ਵਰਕਰ ਦੀ ਸਾਹਿਬ ਨੂੰ ਇਸ ਮਾਮਲੇ ਬਾਰੇ ਪੁੱਛਣ ਦੀ ਹਿੰਮਤ ਨਹੀਂ ਸੀ ਕਿਉਂਕਿ ਸਾਹਿਬ ਹਰਦਿਧਾਨ ਸਿੰਘ ਮਾਰਗ 'ਤੇ ਸਥਿਤ ਦਫਤਰ ਵਿਚ ਡੂੰਘੇ ਵਿਚਾਰਾਂ



ਵਿਚ ਡੁੱਬੇ ਨਜ਼ਰ ਆ ਰਹੇ ਸਨ। ਜਦੋਂ ਸਾਹਿਬ ਕੁੱਝ ਰਿਲੈਕਸ ਮੂਡ ਦੀ ਹਾਲਤ ਵਿੱਚ ਦਿਖਾਈ ਦਿੱਤੇ ਤਾਂ ਇੱਕ ਵਰਕਰ ਨੇ ਥੋੜਾ ਝਿਜਕਦੇ ਹੋਏ ਪੁੱਛਿਆ, "ਸਾਹਿਬ ਜੀ, ਤੁਸੀਂ ਬਹੁਤ ਚਿੰਤਤ ਲੱਗ ਰਹੇ ਹੋ, ਕੀ ਸਭ ਕੁੱਝ ਠੀਕ ਹੈ?" ਸਾਹਿਬ ਨੇ ਜਵਾਬ ਦਿੱਤਾ, "ਦੋ ਮਹਾਂ ਪੁਰਸ਼ ਮੈਨੂੰ ਦਿਨ-ਰਾਤ ਜਿਉਣ ਨਹੀਂ ਰਹਿਣ ਦੇ ਰਹੇ। ਉਹ ਮੇਰੀ ਜ਼ਿੰਦਗੀ ਨੂੰ ਬਰਬਾਦ ਕਰਕੇ ਖਾ ਰਹੇ ਹਨ। ਇਕ ਦਾ ਨਾਂ ਡਾਕਟਰ ਅੰਬੇਡਕਰ ਅਤੇ ਦੂਜੇ ਦਾ ਨਾਂ ਗੁਰੂ ਰਵਿਦਾਸ ਹੈ।" ਸਾਹਿਬ ਨੇ ਅੱਗੇ ਕਿਹਾ, "ਡਾਕਟਰ ਅੰਬੇਡਕਰ ਆਪਣੀ ਉਂਗਲ ਰਾਹੀਂ ਪਾਰਲੀਮੈਂਟ ਵੱਲ ਇਸ਼ਾਰਾ ਕਰ ਰਹੇ ਹਨ ਅਤੇ ਕਹਿ ਰਹੇ ਹਨ ਕਿ ਜੋ ਮਰਜ਼ੀ ਕਰੋ, ਕਿਸੇ ਵੀ ਤਰੀਕੇ ਨਾਲ ਕਰੋ, ਬਸ ਇਸ 'ਤੇ ਕਬਜ਼ਾ ਕਰੋ ਅਤੇ ਦੂਜਾ ਗੁਰੂ ਰਵਿਦਾਸ ਜੀ ਮੈਨੂੰ ਕਹਿ ਰਹੇ ਹਨ ਕਿ ਸੰਸਦ 'ਤੇ ਕਬਜ਼ਾ ਕਰਕੇ ਸੱਤਾ ਹਾਸਲ ਕਰਕੇ ਸਾਰੇ ਦੇਸ਼ ਵਿੱਚ ਬੇਗਮਪੁਰਾ ਵਸਾਓ। ਹੁਣ ਮੈਂ ਦਿਨ ਰਾਤ ਇਹ ਸੋਚਦਾ ਰਹਿੰਦਾ ਹਾਂ ਕਿ ਇਹ ਕੰਮ ਹੋਰ ਕੌਣ ਕਰੇਗਾ ਕਾਂਸ਼ੀ ਰਾਮ ਨੇ ਇਨ੍ਹਾਂ ਦੋਹਾਂ ਮਹਾਂਪੁਰਸ਼ਾਂ ਦੀ ਜ਼ਿੰਮੇਵਾਰੀ ਲਈ ਹੋਈ ਹੈ। ਜਦੋਂ ਤੱਕ ਮੇਰੀ ਜ਼ਿੰਦਗੀ ਹੈ, ਮੈਂ ਆਪਣੇ ਆਖਰੀ ਸਾਹ ਤੱਕ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਨਹੀਂ ਹਟਾਂਗਾ, ਭਾਵੇਂ ਮੈਨੂੰ ਕਿੰਨੀ ਵੀ ਵੱਡੀ ਕੁਰਬਾਨੀ ਕਰਨੀ ਪਵੇ।"

**ਪੇਸ਼ ਕਰਦੇ ਹਨ।**
**ਇੰਜੀਨੀਅਰ ਤੇਜਪਾਲ ਸਿੰਘ**
**94177-94756**

# ਇਮਾਨਦਾਰੀ ਤੇ ਸਾਦਗੀ ਦੀ ਝਲਕ ਸਨ ਡਾ. ਮਨਮੋਹਨ ਸਿੰਘ

ਮਹਾਨ ਅਰਥਸ਼ਾਸਤਰੀ ਤੇ ਭਾਰਤ ਦੇ 14ਵੇਂ ਪ੍ਰਧਾਨ ਮੰਤਰੀ ਰਹੇ ਡਾਕਟਰ ਮਨਮੋਹਨ ਸਿੰਘ ਬੀਤੇ ਦਿਨੀ ਸਾਨੂੰ ਸਦੀਵੀ ਵਿਛੋੜਾ ਦੇ ਗਏ। ਉਨਾਂ ਨੇ ਦੇਸ਼ ਵਿਦੇਸ਼ ਵਿੱਚ ਵੱਖ-ਵੱਖ ਅਹਿਮ ਅਹੁਦਿਆਂ ਤੇ ਰਹਿ ਕੇ ਭਾਰਤ ਸਮੇਤ ਪੂਰੇ ਵਿਸ਼ਵ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ਸੀ। ਉਹ ਪਿਛਲੇ ਲੰਮੇ ਸਮੇਂ ਤੋਂ ਬਿਮਾਰ ਚੱਲ ਰਹੇ ਸਨ।ਪਾਕਿ-ਸਤਾਨ ਵਿੱਚ ਪੈਦਾ ਹੋਏ ਡਾ ਮਨਮੋਹਨ ਸਿੰਘ ਜੀ ਨੇ ਆਪਣੀ ਮੁੱਢਲੀ ਪੜ੍ਹਾਈ ਪੰਜਾਬ ਪਾਕਿਸਤਾਨ ਤੋਂ ਕੀਤੀ। ਦੇਸ਼ ਦੀ ਵੰਡ ਸਮੇਂ ਅੰਮ੍ਰਿਤਸਰ ਆ ਕੇ ਉਹਨਾਂ ਨੇ ਹਿੰਦੂ ਕਾਲਜ ਵਿੱਚੋਂ ਬੀਏ ਕੀਤੀ। ਪੜ੍ਹਾਈ ਵਿੱਚ ਹਮੇਸ਼ਾ ਪਹਿਲੇ ਨੰਬਰ ਤੇ ਆਉਂਦੇ। ਯੂਨੀਵਰਸਿਟੀ ਆਫ਼ ਆਕਸਫੋਰਡ ਤੋ ਉੱਚ ਡਿਗਰੀ ਹਾਸਿਲ ਕੀਤੀ। ਅਹਿਮ ਯੂਨੀਵਰਸਿਟੀਆਂ ਵਿੱਚ ਪ੍ਰੋਫੈਸਰ ਵੀ ਰਹੇ। ਦਿੱਲੀ ਸਕੂਲ ਆਫ ਇਕਨੋਮਿਕਸ ਵਿੱਚ ਡਾਕਟਰ ਮਨਮੋਹਨ ਸਿੰਘ ਜੀ ਨੇ ਪੜਾਇਆ।ਉਹਨਾਂ ਦੇ ਪੜਾਏ ਹੋਏ ਵਿਦਿਆਰਥੀ ਅੱਜ ਵਿਸ਼ਵ ਵਿੱਚ ਅਹਿਮ ਅਹੁਦਿਆਂ ਤੇ ਜ਼ਿੰਮੇਵਾਰੀ ਵੀ ਨਿਭਾ ਰਹੇ ਹਨ।ਡਾ ਮਨਮੋਹਨ ਸਿੰਘ ਜੀ ਇਮਾਨਦਾਰੀ, ਸਹਿਨਸ਼ੀਲਤਾ, ਸਾਦਗੀ ਨਾਲ ਜਾਣੇ ਜਾਂਦੇ ਸਨ। ਡਾ ਸਾਹਿਬ ਇੱਕ ਕਰਮ ਯੋਗੀ, ਅਰਥ ਸ਼ਾਸਤਰੀ, ਦੁਨੀਆਂ ਦੇ ਸਭ ਤੋਂ ਵੱਧ ਪੜੇ ਲਿਖੇ 10 ਸਾਲ ਲਗਾਤਾਰ ਦੇਸ਼ ਦੇ ਅਹਿਮ ਅਹੁਦੇ ਤੇ ਰਹੇ। ਦੁਨੀਆਂ ਦੇ ਆਰਬੀਆਈ ਦੇ ਗਵਰਨਰ ਰਹੇ। ਆਪਣੀ ਯੋਗਤਾ ਦੀ ਛਾਪ ਨਾਲ 10 ਸਾਲ ਮੁਲਕ ਦਾ ਰਾਜਭਾਗ ਭੋਗਿਆ। ਰਾਜ ਸਭਾ ਵਿੱਚ ਵਿਰੋਧੀ ਧੀਰ ਦੇ ਨੇਤਾ ਵੀ ਰਹੇ। ਹਾਲਾਂਕਿ ਹੁਣ ਵੀ ਰਾਜਸਭਾ ਦੇ ਮੈਂਬਰ ਸਨ।ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਅਮਰੀਕਾ 'ਚ ਉਨਾਂ ਵੇਲਿਆਂ ਦੇ ਰਹੇ ਰਾਸ਼ਟਰਪਤੀ ਬਰਾਕ ਓਬਾਮਾ ਆਰਥਿਕ ਪੱਖੋਂ ਹਰ ਸਮੱਸਿਆ ਦੇ ਹੱਲ ਲਈ ਮਨਮੋਹਨ ਸਿੰਘ ਨਾਲ ਸਲਾਹ ਮਸ਼ਵਰਾ ਜਰੂਰ ਕਰਦੇ ਸਨ। ਹਰ ਪਾਸੇ ਉਹਨਾਂ ਦੀ ਬੱਲੇ ਬੱਲੇ ਹੋਈ। ਪੀ ਵੀ ਨਰਸਿਮਹਾ ਰਾਓ ਸਰਕਾਰ ਵੇਲੇ ਉਹ ਕੇਂਦਰ ਦੇ ਖਜ਼ਾਨਾ ਮੰਤਰੀ ਰਹੇ। ਕਈ ਦੇਸ਼ ਡਾਕਟਰ ਸਾਹਿਬ ਨੂੰ ਆਪਣਾ ਰੋਲ ਮਾਡਲ ਮੰਨਦੇ ਸਨ। ਮੁਲਕ ਦੀਆਂ ਬਹੁਤ ਸਾਰੀਆਂ ਯੂਨੀਵਰਸਿਟੀਆਂ ਨੇ ਆਨਰੇਰੀ ਡਾਕਟਰ ਦੀ ਡਿਗਰੀ ਦੇ ਕੇ ਸਾਹਿਬ ਨੂੰ ਸਨਮਾਨਿਤ ਕੀਤਾ। ਪਦਮ ਵਿਭੂਸ਼ਣ ਕਿਤਾਬ ਨਾਲ ਸਨਮਾਨਿਤ ਕੀਤਾ ਗਿਆ। ਹਰੀ ਕ੍ਰਾਂਤੀ ਦਾ ਆਰਥਿਕ ਮਾਡਲ ਵੀ ਡਾਕਟਰ ਮਨਮੋਹਨ ਸਿੰਘ ਜੀ ਵੱਲੋਂ ਤਿਆਰ ਕੀਤਾ ਗਿਆ।ਵਿਦੇਸ਼ੀ ਮੁਦਰਾ ਨੀਤੀ ਨੂੰ ਸਥਿਰ ਬਣਾਉਣ ਤੇ ਆਯਾਤ - ਨਿਰਯਾਤ 'ਚ ਸੰਤੁਲਨ ਬਣਾਉਣ ਲਈ ਡਾਕਟਰ ਸਾਹਿਬ ਨੇ ਹੀ ਠੋਸ ਨੀਤੀਆਂ ਬਣਾਈਆਂ ਸਨ। ਖੇਤੀ ਤੇ ਛੋਟੇ ਉਦਯੋਗਾਂ ਲਈ ਸਸਤੇ ਕਰਜੇ ਉਪਲੱਬਧ ਕਰਵਾਉਣ ਲਈ ਨਵੀਂ ਨੀਤੀਆਂ ਲਾਗੂ ਕੀਤੀਆਂ ਸਨ । ਬੈਂਕਿੰਗ ਪ੍ਰਣਾਲੀ ਨੂੰ ਸੁਰੱਖਿਆ ਤੇ ਮਜ਼ਬੂਤ ਬਣਾਉਣ ਲਈ ਨੀਤੀਗਤ ਢਾਂਚੇ ਦਾ ਐਲਾਨ ਕੀਤਾ। ਵਿਸ਼ਵ ਪੱਧਰੀ ਆਰਥਿਕ ਮੰਚ ਤੇ ਭਾਰਤ ਦੀ ਪ੍ਰਤਿਨਿਧਿਤਾ ਕਰਦਿਆਂ ਵਿਕਾਸਸ਼ੀਲ ਦੇਸ਼ਾਂ ਦੀ ਮਹੱਤਵਪੂਰਨ ਆਵਾਜ਼ ਬਣੇ।ਆਪਣੇ ਕਾਰਜਕਾਲ ਦੌਰਾਨ ਉਹਨਾਂ ਨੇ ਰਾਈਟ ਟੂ ਇਨਫੋਰਮੇਸ਼ਨ ਕਾਨੂੰਨ ,ਮਨਰੇਗਾ , ਪੇਂਡੂ ਹੈਲਥ ਮਿਸ਼ਨ, ਰਾਸ਼ਟਰੀ ਖ਼ੁਰਾਕ ਕਾਨੂੰਨ, ਜ਼ਮੀਨ ਐਕਵਾਇਰ ਤੋਂ ਵੱਧ ਮੁਆਵਜ਼ਾ, ਸਿੱਖਿਆ ਕਾਨੂੰਨ 2009 ਬਣਾਏ। ਉਨਾਂ ਨੇ ਪੰਜ -ਆਬ ਬੱਸ ਨੂੰ ਹਰੀ ਝੰਡੀ ਦਿੱਤੀ ਸੀ। ਆਧਾਰ ਕਾਰਡ ਬਣਾਉਣ ਦੀ ਯੋਜਨਾ ਵੀ ਮਨਮੋਹਨ ਸਿੰਘ ਵੇਲੇ ਬਣੀ। ਧਾਰਮਿਕ ਭੇਦਭਾਵ ਤੋਂ ਉੱਪਰ ਨਿਰਪੱਖ ਸ਼ਖਸ਼ੀਅਤ ਵਜੋਂ ਵਿਚਰਦੇ ਸਨ। ਮੌਜੂਦਾ ਸਰਕਾਰ ਵੇਲੇ ਉਹ ਮੋਦੀ ਸਰਕਾਰ ਵੱਲੋਂ ਐਲਾਨੀ ਨੋਟਬੰਦੀ ਦੇ ਆਲੋਚਕ ਵੀ ਰਹੇ। ਸਾਰੀ ਪਾਰਟੀਆਂ ਦੇ ਆਗੂ ਉਨਾਂ ਦਾ ਆਦਰ ਸਤਿਕਾਰ ਕਰਦੇ ਸਨ। ਉਹ ਇੱਕ ਸੰਸਥਾ ਸਨ।ਡਾਕਟਰ ਮਨਮੋਹਨ ਸਿੰਘ ਜੀ ਦੇ ਜਾਣ ਨਾਲ ਦੇਸ਼ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਉਹਨਾਂ ਦੇ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।



**ਸੰਜੀਵ ਸਿੰਘ ਸੈਣੀ**
**ਮੋਹਾਲੀ**

# ਬੱਚੀਆਂ ਤੇ ਔਰਤਾਂ ਦੀ ਸੁਰੱਖਿਆ ਖਾਤਰ ਅਮਰਜੀਤ ਕਰਨਾਣਾ ਭੁੱਖ ਹੜਤਾਲ ਤੇ ਬੈਠੇ

**ਬੰਗਾ (ਚਰਨਜੀਤ ਸੱਲ੍ਹਾ):-** ਔਰਤਾਂ ਅਤੇ ਬੱਚੀਆਂ ਤੇ ਲਗਾਤਾਰ ਹੋ ਰਹੇ ਅੱਤਿਆਚਾਰਾਂ ਦੇ ਮੱਦੇਨਜ਼ਰ ਖਟਕੜ ਕਲਾਂ ਵਿਖੇ ਸ਼ਹੀਦ-ਏ- ਆਜ਼ਮ ਸ ਭਗਤ ਸਿੰਘ ਦੀ ਸਮਾਰਕ ਤੇ ਸ਼ਹੀਦ ਭਗਤ ਸਿੰਘ ਸੋਸ਼ਲ ਵੈਲਫੇਅਰ ਐਂਡ ਕਲਚਰ ਸੋਸਾਇਟੀ ਪੰਜਾਬ ਦੇ ਪ੍ਰਧਾਨ ਅਮਰਜੀਤ ਕਰਨ-ਾਣਾ ਵੱਲੋਂ ਇੱਕ ਦਿਨ ਦੀ ਭੁੱਖ ਹੜਤਾਲ ਕੀਤੀ ਗਈ । ਸੁਸਾਇਟੀ ਦੇ ਪ੍ਰਦੇਸ਼ ਪ੍ਰਧਾਨ ਅਮਰਜੀਤ ਸਿੰਘ ਕਰਨਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕਿਹਾ ਕਿ ਸ਼ਹੀਦ ਭਗਤ ਸਿੰਘ ਸੋਸ਼ਲ ਵੈਲਫੇਅਰ ਸੁਸਾਇਟੀ ਪਿਛਲੇ 13 ਸਾਲਾਂ ਤੋਂ ਦੇਸ਼ ਵਿੱਚ ਬੱਚੀਆਂ ਤੇ ਹੋ ਰਹੇ ਰੇਪ ਵਰਗੇ ਦੁਰਘਟਨਾ ਨੂੰ ਰੋਕਣ ਲਈ ਤੇ ਔਰਤਾਂ ਤੇ ਅਣਮਨੁੱਖੀ ਵਤੀਰੇ ਨੂੰ ਰੋਕਣ ਲਈ ਸੰਘਰਸ਼ ਕਰਦੀ ਆ ਰਹੀ ਹੈ। ਸ਼ਹੀਦ ਭਗਤ ਸਿੰਘ ਸੋਸ਼ਲ ਵੈਲਫੇਅਰ ਸੁਸਾਇਟੀ ਵੱਲੋਂ ਇਸ ਸਬੰਧੀ ਮਾਣਯੋਗ ਰਾਸ਼ਟਰਪਤੀ ਨੂੰ ਅਤੇ ਚੀਫ ਜਸਟਿਸ ਆਫ ਇੰਡੀਆ ਨੂੰ ਵੀ ਮਿਲਣ ਲਈ ਟਾਈਮ ਮੰਗਿਆ ਗਿਆ ਹੈ ਤਾਂ ਕਿ ਬੱਚੀਆਂ ਤੇ ਔਰਤਾਂ ਤੇ ਹੋ ਰਹੇ ਹਨ। ਮਨੁੱਖੀ ਵਤੀਰੇ ਨੂੰ ਰੋਕਣ ਲਈ ਦੇਸ਼ ਵਿੱਚ ਅਰਬ ਦੇਸ਼ਾਂ ਦਾ ਕਾਨੂੰਨ ਬਣਾਇਆ ਜਾਵੇ ਤਾਂ ਜੋ ਹੋ ਰਹੇ ਦੇਸ਼ ਵਿੱਚ ਔਰਤਾਂ ਤੇ ਅੱਤਿਆਚਾਰ ਰੁਕ ਸਕਣ। ਉਨ੍ਹਾਂ ਕਿਹਾ ਕਿ ਔਰਤਾਂ ਤੇ ਅੱਤਿਆਚਾਰਾਂ ਨੂੰ ਰੋਕਣ ਲਈ ਪਿਛਲੇ ਸਮੇਂ ਤੋਂ ਫਾਸਟ ਟੈਗ ਅਦਾਲਤਾਂ ਵੀ ਬਣਾਈਆਂ ਗਈਆਂ । ਫਾਂਸੀ ਦੀ ਸਜ਼ਾ ਵੀ ਦਿੱਤੀ ਗਈ । ਪਰ ਰਾਕਸ਼ਸ ਪ੍ਰਵਿਰਤੀ ਦੇ ਬੰਦਿਆਂ ਲਈ ਇਹ ਸਜ਼ਾ ਘੱਟ ਹੈ । ਅਰਬ ਦੇਸ਼ਾਂ ਦੇ ਕਾਨੂੰਨ ਲਾਗੂ ਕਰਨ ਨਾਲ ਹੀ ਠੱਲ ਪੈ ਸਕਦੀ ਹੈ। ਉਨ੍ਹਾਂ ਕਿਹਾ ਕਿ ਸਮੇਂ ਦੀ ਲੋੜ ਅਨੁਸਾਰ ਦੇਸ਼ ਲਈ ਅਰਬ ਕੰਟਰੀ ਦੇ ਕਾਨੂੰਨ ਦੀ ਮੰਗ ਕਰਨੀ ਬਹੁਤ ਜਰੂਰੀ ਹੈ। ਜਦੋਂ ਕੋਈ ਘਟਨਾ ਵਾਪਰਦੀ ਹੈ ਤਾਂ ਲੋਕ ਪੁਲਿਸ ਥਾਣਿਆਂ ਦਾ ਘਿਰਾਓ ਕਰਦੇ ਹਨ ਜਦੋਂ ਕਿ ਜੋ ਕਾਨੂੰਨ ਵਿੱਚ ਜੋ ਹੈ ਉਹੀ ਥਾਣੇ ਵਾਲੇ ਵੀ ਕਾਰਵਾਈ ਕਰਨਗੇ। ਅਮਰਜੀਤ ਕਰਨਾਣਾ ਨੇ ਕਿਹਾ ਕਿ ਦੇਸ਼ ਵਿੱਚ ਹੋ ਰਹੇ ਰੇਪ ਵਰਗੀਆਂ ਘਟਨਾਵਾਂ ਨੂੰ ਰੋਕਣ ਲਈ ਉਹ ਅਤੇ ਉਨ੍ਹਾਂ ਦੇ ਸਾਥੀਆਂ ਨੇ ਇੱਕ ਦਿਨ ਦੀ ਭੁੱਖ ਹੜਤਾਲ ਰੱਖੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਅਰਬ ਦੇਸ਼ਾਂ ਦੇ ਕਾਨੂੰਨ ਨੂੰ ਲਾਗੂ ਕਰਵਾਉਣ ਲਈ ਉਹ ਹਰ ਸੰਘਰਸ਼ ਕਰਨ ਲਈ ਤਿਆਰ ਹਨ। ਇਸ ਮੌਕੇ ਤੇ ਸਰਪੰਚ ਬਲਜਿੰਦਰ ਸਿੰਘ ਬਾਂਸੀਆਂ ਢੱਕ, ਕੇਵਲ ਪਰਦੇਸੀ, ਕੁਲਦੀਪ ਸੋਤਰਾਂ, ਚਰਨਜੀਤ ਸਿੰਘ ਚੰਨੀ, ਸੁਰਿੰਦਰ ਸਿੰਘ, ਪਲਵਿੰਦਰ ਸਿੰਘ, ਪਰਮਜੀਤ ਸਿੰਘ ਲਸਾੜਾ, ਧਰਮਪਾਲ ਸਿੰਘ, ਐਡਵੋਕੇਟ ਪਰਸ਼ੋਤਮ ਸਿੰਘ, ਮਨਜੀਤ ਸਿੰਘ, ਰਵਿੰਦਰ ਸਿੰਘ ਜੱਬੋਵਾਲ, ਡਾ ਨਵਕਾਂਤ ਭਰੋਮਜਾਰਾ ਰਘੂ ਸ਼ਰਮਾ ਬਲਾਚੋਰ, ਸ਼ਾਮ ਲਾਲ, ਸੰਤੋਖ ਬਿੱਲਾ, ਦੀਪ ਮਹਾਲੋਂ, ਸੀਨੀਅਰ ਐਡਵੋਕੇਟ ਪੰਜਾਬ ਐਂਡ ਹਰਿਆਣਾ ਹਾਈਕੋਰਟ ਲਿਆਕਤ ਅਲੀ, ਸਾਬਕਾ ਐਨ ਆਰਆਈ ਪੰਜਾਬ ਪ੍ਰਧਾਨ ਕੇਵਲ ਸਿੰਘ ਖਟਕੜ ਆਦਿ ਹਾਜ਼ਰ ਸਨ।



# ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਿੱਖ ਨੈਸ਼ਨਲ ਕਾਲਜ ਬੰਗਾ ਵਲੋਂ ਦੁੱਧ ਦੇ ਲੰਗਰ ਲਗਾਏ ਗਏ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)** ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਕਾਲਜ ਦੇ ਐੱਨ. ਐੱਸ. ਐੱਸ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਜੀ ਦੀ ਯੋਗ ਅਗਵਾਈ ਹੇਠ ਪ੍ਰੋਗਰਾਮ ਅਫ਼ਸਰ ਪ੍ਰੋ ਵਿਪਨ, ਡਾ. ਨਿਰਮਲਜੀਤ ਕੌਰ ਜੀ ਦੇ ਯਤਨਾਂ ਸਦਕਾ ਸੱਤ ਰੋਜ਼ਾ ਕੈਂਪ ਦੇ ਚੌਥੇ ਦਿਨ ਦੀ ਲਗਾਤਾਰਤਾ ਵਿਚ ਕਾਲਜ ਗੇਟ 'ਤੇ ਦੁੱਧ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਵਲੰਟੀਅਰਾਂ ਵੱਲੋਂ' ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ'ਦਾ ਨਾਅਰਾ ਬੁਲੰਦ ਕਰਕੇ ਜਿਥੇ ਇਲਾਕਾ ਨਿਵਾਸੀਆਂ ਨੂੰ ਹੋਰ ਵਧੇਰੇ ਆਪਸੀ ਪਿਆਰ ਅਤੇ ਸਹਿਯੋਗ ਨਾਲ ਵਿਚਰਨ ਦਾ ਸੁਨੇਹਾ ਦਿੱਤਾ ਗਿਆ। ਇਸ ਮੌਕੇ ਗੁਰਬਾਣੀ ਦੇ ਇਲਾਹੀ ਜਾਪ ਵੀ ਕੀਤੇ ਗਏ ਅਤੇ ਵਲੰਟੀਅਰਾਂ ਵੱਲੋਂ ਵੱਧ ਚੜ ਕੇ ਸੇਵਾ ਕੀਤੀ ਗਈ। ਉਪਰੰਤ ਵਲੰਟੀਅਰਾਂ ਵੱਲੋਂ ਕਾਲਜ ਕੈਂਪਸ ਵਿੱਚ ਸਾਫ - ਸਫਾਈ ਨੂੰ ਧਿਆਨ ਵਿਚ ਰੱਖਦੇ ਹੋਏ ਗਮਲਿਆਂ ਨੂੰ ਰੰਗ ਰੋਗਨ ਕੀਤਾ ਗਿਆ। ਬਾਅਦ ਦੁਪਹਿਰ ਵਲੰਟੀਅਰਾਂ ਨੂੰ ਗੁਣਾਚੌਰ ਪਿੰਡ ਦਾ ਦੌਰਾ ਕਰਵਾਇਆ ਗਿਆ। ਜਿਸ ਵਲੰਟੀਅਰਾਂ ਵੱਲੋਂ ਪਿੰਡ ਵਾਸੀਆਂ ਨਾਲ ਆਪਣੇ ਵਿਚਾਰਾਂ ਨਾਲ ਜਾਗਰੂਕ ਕੀਤਾ ਗਿਆ ਅਤੇ ਅਗਲੇ ਦਿਨ ਦੀ ਰੂਪ ਰੇਖਾ ਤਿਆਰ ਕੀਤੀ ਗਈ। ਦਿਨ ਦੇ ਅਖੀਰਲੇ ਪੜਾਅ 'ਤੇ ਵਿਦਿਆਰਥੀਆਂ ਦਾ ਬੈਡਮਿੰਟਨ ਦਾ ਮੈਚ ਕਰਵਾਇਆ ਗਿਆ ਜਿਸ ਵਿਚ ਮਾਈਕਲ ਅਤੇ ਗੁਰਪ੍ਰੀਤ ਸਿੰਘ ਦੀ ਅਗਵਾਈ ਵਾਲੀ ਟੀਮ ਜੇਤੂ ਰਹੀ। ਮੈਚ ਉਪਰੰਤ ਰਾਸ਼ਟਰ- ਗਾਣ ਦੀ ਧੁਨੀ ਬੁਲੰਦ ਕੀਤੀ ਗਈ।ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੁਰਗਾ ਪੁਰ ਵਲੋਂ ਸਾਹਿਬਜਾਦਿਆਂ ਦੇ ਸ਼ਹੀਦੀ ਸਪਤਾਹ ਨੂੰ ਸਮਰਪਿਤ ਦੁੱਧ ਦਾ ਲੰਗਰ ਲਾਇਆ ਗਿਆ।



# ਉੱਘੇ ਗ਼ਜ਼ਲਗੋ ਭੁਪਿੰਦਰ ਸੰਧੂ ਦੀ ਸੇਵਾ ਮੁਕਤੀ ਤੇ ਸਾਹਿਤ ਜਾਗ੍ਰਿਤੀ ਸਭਾ (ਰਜਿ) ਬਠਿੰਡਾ ਨੇ ਕੀਤਾ ਉਹਨਾਂ ਦਾ ਸਨਮਾਨ





















**(ਬਠਿੰਡਾ)** ਪਿਛਲੇ ਦਿਨੀਂ ਪੰਜਾਬ ਟੈਕਨੀਕਲ ਸਰਵਿਸ ਯੂਨੀਅਨ ਦੇ ਆਗੂ ਅਤੇ ਉੱਘੇ ਸਾਹਿਤਕਾਰ ਤੇ ਗ਼ਜ਼ਲਗੋ ਭੁਪਿੰਦਰ ਸੰਧੂ ਦੀ ਸੇਵਾ ਮੁਕਤੀ ਮੌਕੇ ਰੱਖੇ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਸਾਹਿਤ ਜਾਗ੍ਰਿਤੀ ਸਭਾ (ਰਜਿ) ਬਠਿੰਡਾ ਵੱਲੋਂ ਉਹਨਾਂ ਦੇ ਮਾਣ ਵਿਚ ਸੰਖੇਪ ਕਵੀ ਦਰਬਾਰ ਤੇ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੇ ਮੁੱਖ ਮਹਿਮਾਨ ਪ੍ਰਵਾਸੀ ਸ਼ਾਇਰ ਹਰਜਿੰਦਰ ਸਿੰਘ ਪੱਤੜ (ਕੈਨੇਡਾ)ਸਨ ਤੇ ਪ੍ਰਧਾਨਗੀ ਨਾਮਵਰ ਕਹਾਣੀਕਾਰ ਅਤਰਜੀਤ ਨੇ ਕੀਤੀ। ਸਭਾ ਅਤੇ ਸੰਧੂ ਪਰਿਵਾਰ ਵੱਲੋਂ ਆਏ ਮਹਿਮਾਨਾਂ ਅਤੇ ਸਾਹਿਤਕਾਰਾਂ ਨੂੰ ਖੁਸ਼ਆਮਦੀਦ ਅਤਰਜੀਤ ਕਹਾਣੀਕਾਰ ਨੇ ਕਿਹਾ।ਸੰਧੂ ਦੇ ਸਨਮਾਨ ਦੀ ਜੀਵਨ-ਝਾਤ ਪਾਉਂਦਾ ਮਾਣ ਪੱਤਰ ਕਹਾਣੀਕਾਰ ਤੇ ਗ਼ਜ਼ਲਗੋ ਮਨਜੀਤ ਸਿੰਘ ਜੀਤ ਨੇ ਪੜ੍ਹਿਆ।ਇਸ ਉਪਰੰਤ ਸਾਹਿਤ ਸਭਾ ਵੱਲੋਂ ਭੁਪਿੰਦਰ ਸੰਧੂ ਅਤੇ ਉਹਨਾਂ ਦੀ ਜੀਵਨ ਸਾਥਣ ਸ਼੍ਰੀਮਤੀ ਮਨਜੀਤ ਕੌਰ ਦਾ ਸਨਮਾਨ ਕੀਤਾ ਗਿਆ। ਪੰਜਾਬ ਟੈਕਨੀਕਲ ਸਰਵਿਸ ਯੂਨੀਅਨ ਵੱਲੋਂ ਲੁਧਿਆਣਾ ਇਕਾਈ ਦੇ ਪ੍ਰਧਾਨ ਸੁਖਦੇਵ ਸਿੰਘ ਅਤੇ ਸਾਥੀਆਂ ਨੇ ਵੀ ਭੁਪਿੰਦਰ ਸੰਧੂ ਦਾ ਸਨਮਾਨ ਕੀਤਾ । ਯਾਦ ਰਹੇ ਕਿ ਭੁਪਿੰਦਰ ਸੰਧੂ ਇਕ ਉੱਚ ਕੋਟੀ ਦਾ ਗ਼ਜ਼ਲਕਾਰ ਹੈ ਇਸ ਤੋਂ ਪਹਿਲਾਂ ਉਸਨੇ ਤਿੰਨ ਕਾਵਿ-ਸੰਗ੍ਰਹਿ 'ਆਪਣੇ ਹਿੱਸੇ ਦੇ ਬੋਲ' ,'ਸੂਰਜਾਂ ਦੀ ਭਾਲ ਵਿੱਚ ' ਅਤੇ ਪੋਰ ਦੀ ਜੂਨ ' ਮਾਂ ਬੋਲੀ ਦੀ ਝੋਲੀ ਪਾਏ ਹਨ।ਚੌਥਾ ਕਾਵਿ-ਸੰਗ੍ਰਹਿ ਸੂ 'ਸੂਰਜਾਂ ਦੇ ਨਾਲ-ਨਾਲ' ਛਪਾਈ ਅਧੀਨ ਹੈ।

ਸੰਖੇਪ ਕਵੀ ਦਰਬਾਰ ਵਿੱਚ ਨਾਮਵਰ ਰਣਬੀਰ ਰਾਣਾ ਨੇ ਗ਼ਜ਼ਲ ਪੜ੍ਹ ਕੇ ਹਾਜ਼ਰੀ ਲਵਾਈ, ਇਕਬਾਲ ਸਿੰਘ ਪੀ ਟੀ,ਮਨਜੀਤ ਸਿੰਘ ਜੀਤ, ਬਲਵਿੰਦਰ ਸਿੰਘ ਜੈਸਿੰਘ ਵਾਲਾ,ਸੁਰਜੀਤ ਸਾਜਨ ਪੱਤੜ,ਅਮਰਜੀਤ ਸਿੰਘ ਜੀਤ, ਕੁਲਦੀਪ ਸਿੰਘ ਬੰਗੀ,ਉੱਘੇ ਗਾਇਕ ਬਲਕਰਨ ਬੱਲ ਨੇ ਵੀ ਭਰਪੂਰ ਰੰਗ ਬੰਨ੍ਹਿਆ। ਮੁੱਖ ਮਹਿਮਾਨ ਹਰਜਿੰਦਰ ਸਿੰਘ ਪੱਤੜ ਨੇ ਆਪਣੀਆਂ ਕਵਿਤਾਵਾਂ ਨਾਲ ਸਰੋਤਿਆਂ ਨੂੰ ਖੂਬ ਸਰਸ਼ਾਰ ਕੀਤਾ।ਸਮਾਗਮ ਦੇ ਅੰਤ ਤੇ ਸਾਹਿਤ ਜਾਗ੍ਰਤੀ ਸਭਾ (ਰਜਿ) ਬਠਿੰਡਾ ਵੱਲੋਂ ਜਿੱਥੇ ਹਰਜਿੰਦਰ ਸਿੰਘ ਪੱਤੜ ,ਅਤਰਜੀਤ ਕਹਾਣੀਕਾਰ ਅਤੇ ਕਵੀਆਂ ਦਾ ਸਨਮਾਨ ਕੀਤਾ ਗਿਆ ਉੱਥੇ ਸੰਧੂ ਪਰਿਵਾਰ ਨੇ ਵੀ ਅਤਰਜੀਤ ਕਹਾਣੀਕਾਰ, ਰਣਬੀਰ ਰਾਣਾ,ਅਮਰਜੀਤ ਸਿੰਘ ਜੀਤ, ਬਲਵੰਤ ਸਿੰਘ ਮਖੂ, ਅਤੇ ਹੋਰ ਸਹਿਯੋਗੀ ਸ਼ਖਸੀਅਤਾਂ ਦਾ ਢੁਕਵਾਂ ਸਨਮਾਨ ਕੀਤਾ ।ਮੰਚ ਸੰਚਾਲਨ ਅਤੇ ਆਏ ਮਹਿਮਾਨਾ ਦਾ ਧੰਨਵਾਦ ਅਮਰਜੀਤ ਸਿੰਘ ਜੀਤ ਨੇ ਕੀਤਾ।ਇਸ ਮੌਕੇ ਕਰਨ ਸੰਧੂ,ਸੂਰਜ ਸੰਧੂ,ਸੇਵਾ ਮੁਕਤ ਉੱਚ ਪੁਲਸ ਅਧਿਕਾਰੀ ਅਮਰਜੀਤ ਸਿੰਘ ਸੰਧੂ ,ਸੰਦੀਪ ਸਿੰਘ ਪੱਤੜ, ਸੁੱਖ ਕੈਨੇਡਾ ,ਵੱਖੋ-ਵੱਖ ਸਾਹਿਤ ਸਭਾਵਾਂ ਵੱਲੋਂ ਸਾਹਿਤਕਾਰ ਅਤੇ ਸੰਧੂ ਪਰਿਵਾਰ ਦੇ ਰਿਸ਼ਤੇਦਾਰ ਤੇ ਦੋਸਤ ਮਿੱਤਰ ਹਾਜ਼ਰ ਸਨ।

**ਅਮਰਜੀਤ ਸਿੰਘ ਜੀਤ**
**94172 87122**

# ਮਾਤਾ ਗੁਜਰ ਕੌਰ, ਚਾਰੇ ਸਾਹਿਬਜ਼ਾਦੇ ਅਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਚਾਰ ਰੋਜ਼ਾ ਗੁਰਮਤਿ ਸਮਾਗਮ ਕਰਵਾਇਆ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਪਿੰਡ ਨੰਗਲ ਈਸ਼ਰ ਦੇ ਨੌਜਵਾਨਾਂ ਵਲੋਂ ਨਗਰ ਨਿਵਾਸੀਆਂ ਅਤੇ ਪਿੰਡ ਦੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਵਿਸ਼ੇਸ਼ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੰਗਤਾਂ ਨੂੰ ਆਪਣੇ ਅਮੀਰ ਵਿਰਸੇ, ਆਪਣੇ ਇਤਿਹਾਸ ਨਾਲ ਜੋੜਨ ਲਈ ਸਫ਼ਰ ਏ ਸ਼ਹਾਦਤ ਦੌਰਾਨ ਸ਼ਹੀਦ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰ ਕੌਰ ਜੀ, ਚਾਰੇ ਸਾਹਿਬਜ਼ਾਦੇ ਅਤੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਚਾਰ ਰੋਜ਼ਾ ਮਹਾਨ ਗੁਰਮਤਿ ਸਮਾਗਮ ਦਾ ਆਯੋਜਨ ਕਰਵਾਇਆ ਗਿਆ। ਪਹਿਲੇ ਦਿਨ ਦੇ ਸਮਾਗਮ ਗੁਰਦੁਆਰਾ ਗੁਰ ਨਾਨਕ ਦਰਬਾਰ, ਦੂਜੇ ਦਿਨ ਦੇ ਸਮਾਗਮ ਗੁਰਦੁਆਰਾ ਸਿੰਘ ਸਭਾ ਭਾਈ ਵੀਰ ਸਿੰਘ, ਤੀਜੇ ਦਿਨ ਦੇ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ, ਚੌਥੇ ਅਤੇ ਆਖਰੀ ਦਿਨ ਦੇ ਸਮਾਗਮ



ਗੁਰਦੁਆਰਾ ਸਿੰਘ ਸਭਾ ਦੱਖਣ ਪੱਟੀ ਵਿਖੇ ਸ਼ਰਧਾ ਅਤੇ ਸਤਿਕਾਰ ਨਾਲ ਕਰਵਾਏ ਗਏ।ਰੋਜ਼ਾਨਾ ਸ਼ਾਮ ਸਮੇਂ ਰਹਿਰਾਸ ਸਾਹਿਬ ਦੀ ਬਾਣੀ ਦੇ ਪਾਠ ਉਪਰੰਤ ਇਨ੍ਹਾਂ ਸਮਾਗਮਾਂ ਵਿੱਚ ਗਿਆਨੀ ਅਮਰੀਕ ਸਿੰਘ ਚੰਡੀਗੜ੍ਹ ਵਾਲੇ, ਭਾਈ ਅਮ੍ਰਿਤਪਾਲ ਸਿੰਘ ਛੱਪਈ, ਗਿਆਨੀ ਹਰਜੀਤ ਸਿੰਘ ਸੋਹਲਪੁਰ ਢਾਡੀ ਜਥਾ, ਭਾਈ ਜਸਵਿੰਦਰ ਸਿੰਘ ਦਸੂਹਾ ਵਾਲੇ, ਭਾਈ ਜਸਵੀਰ ਸਿੰਘ ਭਟੋਲੀਆਂ ਵਾਲੇ, ਭਾਈ ਵਰਿੰਦਰ ਸਿੰਘ ਹੁਸ਼ਿਆਰਪੁਰ ਵਾਲੇ, ਭਾਈ ਗੁਰਪ੍ਰੀਤ ਸਿੰਘ ਕੰਧਾਲਾ, ਭਾਈ ਅਮੋਲਕ ਸਿੰਘ ਪ੍ਰੀਤਮਪੁਰਾ, ਗੁਰਸਿੱਖੀ ਕਲਾਸ ਜੱਥਾ ਝਿੰਗੜਾਂ, ਬੀਬੀ ਅਮਨਜੋਤ ਕੌਰ ਭਟੋਲੀਆਂ ਵਾਲੇ, ਭਾਈ ਕਰਨਦੀਪ ਸਿੰਘ ਨੰਗਲ ਈਸ਼ਰ ਵਾਲੇ, ਅਤੇ ਪਿੰਡ ਦੇ ਬੱਚਿਆਂ ਵਲੋਂ ਆਪੋ ਆਪਣੀ ਵਾਰੀ ਸਿਰ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਸਮੁੱਚੇ ਸਮਾਗਮ ਵਿਚ ਸ ਸੁਰਿੰਦਰ ਸਿੰਘ ਸ਼ਿੰਦੀ ਵਲੋਂ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ ਗਈ। ਰੋਜ਼ਾਨਾਂ ਚਾਹ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਸਮਾਗਮ ਦੇ ਆਖਰੀ ਦਿਨ ਹਰਵਿੰਦਰ ਸਿੰਘ ਨੰਗਲ ਈਸ਼ਰ ਵਲੋਂ ਸਮੁੱਚੇ ਸਮਾਗਮ ਨੂੰ ਸਫਲ ਬਣਾਉਣ ਲਈ ਸਮੂਹ ਨਗਰ ਨਿਵਾਸੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਵਿਦੇਸ਼ਾਂ ਵਿੱਚ ਰਹਿੰਦੇ ਸਹਿਯੋਗੀਆਂ ਦਾ ਧੰਨਵਾਦ ਕੀਤਾ।

**ਫੋਟੋ ਅਜਮੇਰ ਦੀਵਾਨਾ**

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X
@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**